
FARM AND SPICE
Open 7 Days a Week
8.30 am to 9.00 pm
SPECIAL OFFERS: 24 FEB-02 MAR
Daily Specials on
ਐਂਬ੍ਰੋਸੀਆ/ਗਾਲਾ ਬੀ ਸੀ ਸੇਬ
Ambrosia/Gala BC Apple
$1.49 /lb
ਇੰਗਲਿਸ਼ ਖੀਰਾ
Cucumber English
$1.29 each
ਸੰਤਰਾ ਨਿੱਕਾ/ਵੱਡਾ
Orange Small/Large
99¢ /lb
ਜ਼ੁਕੀਨੀ
Zuchinni
99¢ /lb
ਆਵੋਕਾਡੋ
Avocado
89¢ each
ਇੰਡੀਅਨ ਬੈਂਗਣ
Indian Egg Plant
$1.79 /lb
ਪਾਲਕ
Spinach
$1.79 each
ਲਸਣ
Garlic
1kg
$3.49 each
ਅਸ਼ੋਕਾ ਸਾਗ
Ashoka
Sarson Ka Saag
850g
$2.99 each
ਏ-ਪਲਸ ਸੋਯਾ
Aplus
Soya Chunks/ Mini Chunks
200g
$1.99 each
ਘੀਆ
Opo Long
$1.79 /lb
ਬ੍ਰੋਕਲੀ
Brocolli
$1.99 /lb
ਟਾਟਾ ਨਮਕ
Tata Salt
$1.99 each
ਢਿੱਲੋਂ ਬਿਸਕੁਟ
Dhillon
Punjabi Biscuit
1.5lb
$5.99 each
ਬਿਕਾਨੋ ਸੂਜੀ ਰੱਸ
Bikano
Suji Rusk
600g
$4.49 each
ਬਦਾਮ
Almonds
Supreme Quality
$4.49 /lb
ਯਮਕੀਨਜ਼ ਪਾਣੀ ਪੂਰੀ
Yamkeens
Pani Puri
360g
$4.99 each
ਟਾਟਾ ਚਾਹ
Tata Tea
Premium
220 bags
$8.99 each
ਮੋਗਰਾ ਚਾਵਲ
Mogra
Basmati Rice
10 kgs
$9.99 each
ਮੋਗਰਾ ਚਾਵਲ
Mini Mogra
Basmati Rice
10 kgs
$9.99 each
ਹੀਰ ਆਟਾ
Heer Atta
Multigrain
10lb
$10.99 each
ਨੂਰ ਚਾਵਲ
Noor
Premium Basmati
10lb
$10.99 each
ਸੈਂਚੁਰੀ ਚਾਹ
Century No. 1
Premium Tea
1kg
$11.99 each
AMUL PRODUCTS
AVAILABLE HERE
Amul
ਏ ਪੱਲਸ ਚਾਵਲ
A+Plus
Everyday Basmati Rice
5kg
$11.99 each
ਏ+ਪਲਸ ਤੇਲ
A+Plus
Mustard Oil
2ltr
$10.99 each
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available



ਮਦਰ ਇੰਡੀਆ
CELEBRATING
50
YEARS
IN BUSSINESS
MOTHER INDIA
MOTHER INDIA
Mother India
FREE DELIVERY IN CANADA & USA
*with minimum order
Mother India
ਨਰੇਸ਼ ਸ਼ੁਕਲਾ
Email:nareshcanada@hotmail.com
6647-Main Street (50th Ave.)
Vancouver BC V5X 3H3
MOTHER INDIA
Chandan
Lavender
Dant Manjan
ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ
TEL: 604-430-6072

# ਮੋਦੀ ਸ਼ਾਸਨ 'ਚ ਜੰਮੂ 'ਚ ਐਮਰਜੈਂਸੀ ਦੀ ਸਥਿਤੀ:ਲਾਲ ਸਿੰਘ



ਜੰਮੂ- ਭਾਰਤ ਦੇ ਗੈਰ-ਕਾਨੂੰਨੀ ਕਬਜ਼ੇ ਵਾਲੇ ਜੰਮੂ-ਕਸ਼ਮੀਰ ਵਿੱਚ ਭਾਰਤੀ ਸੰਸਦ ਦੇ ਸਾਬਕਾ ਮੈਂਬਰ ਚੌਧਰੀ ਲਾਲ ਸਿੰਘ ਨੇ ਕਿਹਾ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਦੇ ਅਧੀਨ ਜੰਮੂ ਐਮਰਜੈਂਸੀ ਦੀ ਸਥਿਤੀ ਵਿੱਚ ਹੈ।ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੂੰ ਇਸ ਦੇ ਮਨਘੜਤ ਫੈਸਲਿਆਂ ਲਈ ਆਲੋਚਨਾ ਕੀਤੀ, ਜਿਸ ਕਾਰਨ ਪੂਰੇ ਜੰਮੂ ਖੇਤਰ ਵਿੱਚ ਐਮਰਜੈਂਸੀ ਦੀ ਸਥਿਤੀ ਬਣੀ ਹੋਈ ਹੈ।"ਮੌਜੂਦਾ ਸ਼ਾਸਨ ਅਧੀਨ ਪਾਸ ਕੀਤਾ ਗਿਆ ਹਰ ਕਾਨੂੰਨ ਲੋਕ ਵਿਰੋਧੀ ਅਤੇ ਅਨੈਤਿਕ ਅਤੇ ਲੋਕਤੰਤਰ ਦੀ ਭਾਵਨਾ ਦੇ ਵਿਰੁੱਧ ਹੈ," ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀ.ਐਲ ਕੰਡਲੇ, ਨਰਿੰਦਰ ਸ਼ਰਮਾ ਅਤੇ ਐਡਵੋਕੇਟ ਤਰਲੋਕ ਨਾਥ ਵੀ ਹਾਜ਼ਰ ਸਨ।ਮੀਟਿੰਗ ਵਿੱਚ ਪ੍ਰੋ.ਐਚ.ਆਰ.ਸ਼ਰਮਾ, ਦੀਪਕ ਜਸਰੋਟੀਆ, ਜਤਿੰਦਰ ਪੱਪੂ, ਬਲਬੀਰ ਸਿੰਘ ਆਜ਼ਾਦ, ਕਰਨ ਸਿੰਘ ਮਖਾਣੀ, ਦਿਵਿਆਂਸ਼ ਵਰਮਾ ਆਦਿ ਵੀ ਹਾਜ਼ਰ ਸਨ।

# ਕੈਲਗਰੀ ਤੋਂ ਪ੍ਰਭਲੀਨ ਕੌਰ ਗਰੇਵਾਲ ਦੀ ਕੈਨੇਡੀਅਨ ਜੂਨੀਅਰ ਫੀਲਡ ਹਾਕੀ ਟੀਮ ਲਈ ਚੋਣ



ਕੈਲਗਰੀ(ਕਮਲਜੀਤ ਬੁੱਟਰ)-ਕੈਲਗਰੀ ਦੀ ਫੀਲਡ ਹਾਕੀ ਖਿਡਾਰਨ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਟੀਮ (ਅੰਡਰ-18) ਲਈ ਹੋ ਗਈ ਹੈ।ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਖਿਡਾਰਨ ਪ੍ਰਭਲੀਨ ਇਹ ਮੁਕਾਮ ਹਾਸਲ ਕਰਨ ਵਾਲੀ ਅਲਬਰਟਾ ਸੂਬੇ ਦੀ ਪਹਿਲੀ ਪੰਜਾਬੀ ਖਿਡਾਰਨ ਹੈ।ਇਹ ਜੂਨੀਅਰ ਟੀਮ ਅਪਰੈਲ ਦੇ ਮਹੀਨੇ ਫਰਾਂਸ ਦਾ ਦੌਰਾ ਕਰੇਗੀ ਜਿੱਥੇ ਇੱਰ ਟੈਸਟ ਮੈਚ ਸੀਰੀਜ਼ ਖੇਡੀ ਜਾਵੇਗੀ।ਇਸ ਤੋਂ ਪਹਿਲਾਂ ਪ੍ਰਭਲੀਨ ਨੇ 2022 ਦੀ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ(ਅੰਡਰ-18) ਵਿੱਚ ਅਲਬਰਟਾ ਦੀ ਟੀਮ ਵਲੋਂ ਭਾਗ ਲਿਆ ਜਿਸ ਵਿੱਚ ਅਲਬਰਟਾ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ ਸੀ।ਇਸ ਚੈਂਪੀਅਨਸ਼ਿਪ ਤੋਂ ਬਾਅਦ ਫੀਲਡ ਹਾਕੀ ਕੈਨੇਡਾ ਵਲੋਂ ਟ੍ਰਾਇਲ ਰੱਖੇ ਗਏ ਸਨ ਜਿਸ ਦੇ ਆਧਾਰ ਤੇ ਪ੍ਰਭਲੀਨ ਦੀ ਚੋਣ ਨੈਸ਼ਨਲ ਜੂਨੀਅਰ ਕੈਂਪ ਲਈ ਹੋ ਗਈ ਤੇ ਹੁਣ ਫਰਵਰੀ ਦੇ ਮਹੀਨੇ ਜੂਨੀਅਰ ਟੀਮ ਦਾ ਐਲਾਨ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਭਲੀਨ ਗਰੇਵਾਲ ਦੀ ਵੱਡੀ ਭੈਣ ਹਰਲੀਨ ਗਰੇਵਾਲ ਕੌਮੀ ਪੱਧਰ ਤੇ ਫੀਲਡ ਹਾਕੀ ਵਿੱਚ ਚੰਗਾ ਨਾਮ ਕਮਾ ਚੁੱਕੀ ਹੈ।2011-12 ਵਿੱਚ ਜਦੋਂ ਕੈਲਗਰੀ ਵਿੱਚ ਪੰਜਾਬੀ ਕੁੜੀਆਂ ਦੁਆਰਾ ਫੀਲਡ ਹਾਕੀ ਖੇਡਣ ਵਿੱਚ ਕਿਸੇ ਨੇ ਪਹਿਲ ਨਹੀਂ ਕੀਤੀ ਸੀ ਤਾਂ ਹਰਲੀਨ ਨੇ ਇੱਕ ਨਵੀਂ ਪਿਰਤ ਪਾਉਂਦਿਆਂ ਹਾਕੀ ਖੇਡਣੀ ਸ਼ੁਰੂ ਕੀਤੀ ਸੀ।ਪ੍ਰਭਲੀਨ ਹੁਣ ਫੀਲਡ ਹਾਕੀ ਕੈਨੇਡਾ ਦੇ ਨੈਸ਼ਨਲ ਟਰੇਨਿੰਗ ਪ੍ਰੋਗਰਾਮ ਵਿੱਚ ਹਿੱਸਾ ਲਵੇਗੀ ਜਿਸ ਦੇ ਆਧਾਰ ਤੇ ਕੈਨੇਡਾ ਦੀਆਂ ਭਵਿੱਖ ਦੀਆਂ ਕੌਮੀ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ।ਪ੍ਰਭਲੀਨ ਦੇ ਪਿਤਾ ਉਘੇ ਪੱਤਰਕਾਰ ਸੁਖਵੀਰ ਸਿੰਘ ਗਰੇਵਾਲ ਨੇ ਦੱਸਿਆ ਕਿ ਉਹਨਾਂ ਦੇ ਪੂਰੇ ਪਰਿਵਾਰ ਨੂੰ ਮਾਣ ਹੈ ਕਿ ਉਹਨਾਂ ਦੀਆਂ ਬੇਟੀਆਂ ਨੇ ਆਪਣੇ ਜੱਦੀ ਪਿੰਡ ਕਿਲਾ ਰਾਏਪੁਰ ਦੀ ਖੇਡ ਹਾਕੀ ਵਿੱਚ ਨਾਮਣਾ ਖੱਟਿਆ ਹੈ।ਉਹਨਾਂ ਦੱਸਿਆ ਕਿ ਜੂਨੀਅਰ ਨੈਸ਼ਨਲ ਕੈਂਪ ਵਰਗਾ ਇਹ ਪ੍ਰੋਗਰਾਮ ਕਾਫੀ ਮਿਹਨਤ ਦੀ ਮੰਗ ਕਰਦਾ ਹੈ ਜਿਸ ਨੂੰ ਪੜਾਈ ਦੇ ਨਾਲ ਜਾਰੀ ਰੱਖਣਾ ਇੱਕ ਚੁਣੌਤੀ ਵੀ ਹੈ।ਉਹਨਾਂ ਕਿੰਗਜ਼ ਇਲੈਵਨ ਦੇ ਕੋਚ ਜੱਗੀ ਧਾਲੀਵਾਲ ਤੇ ਕਲੱਬ ਦੀ ਸਮੁੱਚੀ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਪ੍ਰਭਲੀਨ ਨੇ ਇਹ ਮੁਕਾਮ ਹਾਸਲ ਕੀਤਾ ਤੇ ਕੋਚ ਦਿਲਪਾਲ ਸਿੰਘ ਦਾ ਵੀ ਸ਼ੁਕਰਾਨਾ ਕੀਤਾ ਜਿਹਨਾਂ ਤੋਂ ਪ੍ਰਭਲੀਨ ਨੇ ਹਾਕੀ ਫੜਨੀ ਸਿੱਖੀ।ਉਹਨਾਂ ਦੇ ਪਰਿਵਾਰ ਨੂੰ ਆਸ ਹੈ ਕਿ ਹਰਲੀਨ ਅਤੇ ਪ੍ਰਭਲੀਨ ਦੀਆਂ ਇਹਨਾਂ ਪਹਿਲਕਦਮੀਆਂ ਤੋਂ ਕੈਨੇਡਾ ਵਸਦੇ ਹੋਰ ਪਰਵਾਸੀ ਪਰਿਵਾਰ ਪ੍ਰੇਰਿਤ ਹੋ ਕੇ ਆਪਣੀਆਂ ਬੱਚੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਹੱਲਾਸ਼ੇਰੀ ਦੇਣਗੇ।

# ਭਾਜਪਾ ਕਸ਼ਮੀਰ ਨੂੰ ਹਿੰਦੂਤਵ ਨੀਤੀਆਂ ਨੂੰ ਲਾਗੂ ਕਰਨ ਲਈ ਪ੍ਰਯੋਗਸ਼ਾਲਾ ਵਜੋਂ ਵਰਤ ਰਹੀ ਹੈ:ਮਹਿਬੂਬਾ




ਜੰਮੂ- ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਜੰਮੂ-ਕਸ਼ਮੀਰ ਦੇ ਲੋਕਾਂ ਖਾਸ ਕਰਕੇ ਜੰਮੂ ਦੇ ਵੱਖ-ਵੱਖ ਭਾਈਚਾਰਿਆਂ ਨੂੰ ਕਿਸੇ ਵੀ ਹਿੰਦੂਤਵੀ ਨਾਅਰੇ ਤੋਂ ਗੁੰਮਰਾਹ ਹੋਏ ਬਿਨਾਂ ਇਕਜੁੱਟ ਹੋ ਕੇ ਆਪਣੇ ਹੱਕਾਂ ਲਈ ਲੜਨ ਦੀ ਅਪੀਲ ਕੀਤੀ ਹੈ। ਉਨਾ ਕਿਹਾ ਕਿ ਭਾਰਤ ਵਿੱਚ ਸੱਤਾਧਾਰੀ ਭਾਜਪਾ-ਆਰਐਸਐਸ ਗਠਜੋੜ ਨੂੰ ਉਭਾਰਿਆ ਜਾ ਰਿਹਾ ਹੈ।ਜੰਮੂ ਵਿੱਚ ਪੀਡੀਪੀ ਦਫ਼ਤਰ ਵਿੱਚ ਪਾਰਟੀ ਵਰਕਰਾਂ ਨਾਲ ਗੱਲਬਾਤ ਕਰਦਿਆਂ, ਉਸਨੇ ਕਿਹਾ, ਭਾਜਪਾ ਨੇ ਜੰਮੂ-ਕਸ਼ਮੀਰ ਵਿੱਚ ਸੱਤਾ ਵਿੱਚ ਆਉਣ 'ਤੇ ਡੋਗਰਾ ਮੁੱਖ ਮੰਤਰੀ ਲਗਾਉਣ ਦਾ ਵਾਅਦਾ ਕੀਤਾ ਹੈ, ਪਰ ਡੋਗਰੇ ਕਿੱਥੇ ਹਨ।ਉਸਨੇ ਅੱਗੇ ਕਿਹਾ, ", ਕਸ਼ਮੀਰੀਆਂ ਨੂੰ ਜਨਸੰਖਿਆ ਤਬਦੀਲੀ ਬਾਰੇ ਚਿੰਤਾਵਾਂ ਹਨ, ਪਰ ਜੰਮੂ ਦੀ ਜਨਸੰਖਿਆ ਪਹਿਲਾਂ ਹੀ ਬਦਲ ਚੁੱਕੀ ਹੈ," ਉਸਨੇ ਅੱਗੇ ਕਿਹਾ।ਭਾਜਪਾ ਕਈ ਸਾਲਾਂ ਤੋਂ ਸਿੱਧੇ ਤੌਰ ਤੇ ਜੰਮੂ-ਕਸ਼ਮੀਰ 'ਤੇ ਰਾਜ ਕਰ ਰਹੀ ਹੈ ਉਹ ਬਾਹਰੋਂ ਲੋਕਾਂ ਨੂੰ ਲਿਆ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਜੰਮੂ-ਕਸ਼ਮੀਰ ਨੂੰ ਆਪਣੀਆਂ ਨੀਤੀਆਂ ਲਈ ਪ੍ਰਯੋਗਸ਼ਾਲਾ ਵਜੋਂ ਵਰਤ ਰਹੀ ਹੈ ਜੋ ਬਾਅਦ ਵਿੱਚ ਭਾਰਤ ਵਿੱਚ ਲਾਗੂ ਹੋਣਗੀਆਂ।"ਮੈਂ ਜੰਮੂ ਦੇ ਲੋਕਾਂ ਨੂੰ ਕਿਸੇ ਰਾਸ਼ਟਰ ਦੇ ਸੁਪਨੇ ਤੋਂ ਜਾਗਣ ਲਈ ਕਹਿਣਾ ਚਾਹੁੰਦੀ ਹਾਂ। ਹਕੀਕਤ ਇਹ ਹੈ ਕਿ ਇਹ ਭਾਰਤ ਨੂੰ 'ਭਾਜਪਾ ਰਾਸ਼ਟਰ' ਵਿੱਚ ਬਦਲਣਾ ਚਾਹੁੰਦੇ ਹਨ ਜਿੱਥੇ ਜੋ ਹਿੰਦੂ ਵੀ ਇਸ ਨੂੰ ਵੋਟ ਨਹੀਂ ਦੇਣਗੇ, ਮੁਸਲਮਾਨਾਂ ਨਾਲੋਂ ਵੀ ਭੈੜੇ ਹਾਲਾਤਾਂ ਦਾ ਸਾਹਮਣਾ ਕਰਨਗੇ,"ਜੇ ਤੁਸੀਂ ਜੰਮੂ ਅਤੇ ਕਸ਼ਮੀਰ ਨੂੰ ਬਚਾਉਣਾ ਹੈ, ਤਾਂ ਤੁਹਾਨੂੰ ਕਿਸੇ ਵੀ ਹਿੰਦੂਤਵੀ ਦੇ ਨਾਅਰੇ ਤੋਂ ਗੁੰਮਰਾਹ ਹੋਏ ਬਿਨਾਂ ਆਪਣੇ ਹੱਕਾਂ ਲਈ ਖੜ੍ਹੇ ਹੋਣਾ ਪਵੇਗਾ ਅਤੇ ਲੜਨਾ ਪਵੇਗਾ," ਉਸਨੇ ਜੰਮੂ ਵਿੱਚ ਆਪਣੇ ਪਾਰਟੀ ਵਰਕਰਾਂ ਨੂੰ ਇਹ ਤਾਕੀਦ ਕਤਿ।ਮਹਿਬੂਬਾ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਲੱਦਾਖ ਦੇ ਘਟਨਾਕ੍ਰਮ ਤੋਂ ਸਬਕ ਲੈਣਾ ਚਾਹੀਦਾ ਹੈ ਜਿੱਥੇ ਕਾਰਗਿਲ ਅਤੇ ਲੇਹ ਦੇ ਲੋਕਾਂ ਨੇ ਸੰਵਿਧਾਨਕ ਸੁਰੱਖਿਆ ਦੀ ਮੰਗ ਦੇ ਸਮਰਥਨ ਵਿੱਚ ਹੱਥ ਮਿਲਾਇਆ ਹੈ।














# ਗੁਰੂਘਰ ਦੀ ਸੁੰਦਰਤਾ ਤੇ ਚੜ੍ਹਦੀ ਕਲਾ ਦੇ ਕਾਰਜ ਕੀਤੇ ਜਾਣਗੇ:ਜਤਿੰਦਰਪਾਲ ਸਿੰਘ ਗਿੱਲ (ਹੈਪੀ ਗਿੱਲ)

## ਐਬਟਸਫੋਰਡ ਦੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਤੇ 2012 ਵਿੱਚ 12 ਲੱਖ ਡਾਲਰ ਕਰਜ਼ਾ ਸੀ


ਜਤਿੰਦਰਪਾਲ ਸਿੰਘ ਗਿੱਲ

ਐਬਟਸਫੋਰਡ-ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ ਦੀ ਪ੍ਰਬੰਧਕ ਕਮੇਟੀ ਬਾਰੇ ਚੋਣ ਨੂੰ ਲੈ ਕੇ ਅਦਾਲਤੀ ਹੁਕਮਾਂ ਪਿੱਛੋਂ ਇਹ ਚੋਣ 5 ਮਾਰਚ 2023 ਦਿਨ ਐਤਵਾਰ ਨੂੰ ਹੋਣੀ ਨਿਯੁਕਤ ਹੋਈ ਹੈ।

ਪ੍ਰਧਾਨ ਜਤਿੰਦਰ ਗਿੱਲ (ਹੈਪੀ ਗਿੱਲ) ਨੇ ਕਿਹਾ ਚੋਣ ਸੰਬੰਧੀ ਅਦਾਲਤ ਵਿੱਚ ਕੇਸ ਚੱਲ ਰਿਹਾ ਸੀ ਜਿਸ ਕਰਕੇ ਉਨ੍ਹਾਂ ਨੂੰ ਚੋਣ ਕਰਵਾਉਣ 'ਚ ਦੇਰੀ ਹੋ ਗਈ।ਇਸ ਤੋਂ ਇਲਾਵਾ ਦੂਜਾ ਕਾਰਨ ਕਰੋਨਾ ਵਾਇਰਸ ਦੌਰਾਨ ਹਾਲਾਤਾਂ ਦੇ ਮੱਦੇਨਜ਼ਰ ਚੋਣ ਕਰਵਾਉਣੀ ਠੀਕ ਨਹੀਂ ਸੀ।ਚੋਣ ਕਰਵਾਉਣ ਸਮੇਂ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਪੁੱਖਤਾ ਪ੍ਰਬੰਧ ਨਹੀਂ ਸਨ ਹੋ ਰਹੇ ਜਿਸ ਕਰਕੇ ਚੋਣ ਟਾ.ਲ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਉਹ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦੇ ਹਨ ਅਤੇ ਚੋਣਾਂ ਕਰਵਾਉਣ 'ਚ ਵਿਸ਼ਵਾਸ ਵੀ ਰੱਖਦੇ ਹਨ ਜਿਸ ਕਰਕੇ ਉਹ ਨਿਰਪੱਖ ਚੋਣਾਂ ਕਰਵਾਉਣ ਨੂੰ ਤਰਜੀਹ ਦਿੰਦੇ ਹਨ ਅਤੇ ਭਾਈਚਾਰੇ ਵੱਲੋਂ ਚੋਣਾਂ ਸੰਬੰਧੀ ਵੋਟਾਂ ਰਾਹੀਂ ਕੀਤੇ ਗਏ ਫੈਸਲਾ ਨੂੰ ਉਹ ਸਿਰ ਮੱਥੇ ਕਬੂਲ ਕਰਨਗੇ। ਗੁਰਦਵਾਰਾ ਸਾਹਿਬ ਵਿੱਚ ਹੋਏ ਕੰਮਾ ਦਾ ਵੇਰਵਾ ਦੱਸਦਿਆਂ ਹੈਪੀ ਗਿੱਲ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਡੇਢ ਲੱਖ ਗੁਰਦਵਾਰਾ ਸਾਹਿਬ ਦੀ ਸਟੱਕੋ,ਪਾਰਕਿੰਗ ਲਾਟ ਤੇ ਡੇਢ ਲੱਖ ਡਾਲਰ, ਹੈਰੀਟੇਜ਼ ਗੁਰਦੁਆਰਾ ਸਮੇਤ ਦੋਨਾ ਗੁਰਦਵਾਰਾ ਸਹਿਬਾਨ ਦੇ ਪੇਂਟ ਉਪਰ 45 ਹਜ਼ਾਰ ਡਾਲਰ, ਸਪੀਕਰ ਸਿਸਟਮ ਤੇ 58 ਹਜ਼ਾਰ,ਕੈਮਰੇ 40 ਹਜ਼ਾਰ ,ਨਵੀ ਹੀਟ ਤੇ ਏ ਸੀ ਉਪਰ ਇੱਕ ਲੱਖ 15 ਹਜ਼ਾਰ ਡਾਲਰ,ਸਫਾਈ ਲਈ ਮਸ਼ੀਨ ,ਰਸੋਈ ਦੀ ਰੈਨੋਵੇਸ਼ਨ,ਲੰਗਰ ਹਾਲ ਦੇ ਨਵੇਂ ਦਰਵਾਜੇ, ਕਈ ਸੇਵਾਵਾਂ ਵਿੱਚ ਸਿਰਫ ਮੀਟੀਰੀਅਲ ਹੀ ਦਿੱਤਾ ਗਿਆ ਸੰਗਤਾਂ ਨੇ ਆਪ ਸੇਵਾ ਕੀਤੀ ਹੈ।ਗੁਰੂ ਘਰ ਦੀ ਬੇਹਤਰੀ ਲਈ ਹੋਰ ਕੰਮਾਂ ਤੇ ਵੀ ਹਜ਼ਾਰਾਂ ਡਾਲਰ ਖਰਚੇ ਗਏ ਹਨ।2012 ਵਿੱਚ ਗੁਰਦਵਾਰਾ ਸੁਸਾਇਟੀ ਤੇ 12 ਲੱਖ ਡਾਲਰ ਦਾ ਕਰਜ਼ਾ ਸੀ ਪਰ ਹੁਣ ਇੱਕ ਲੱਖ ਤੀਹ ਹਜ਼ਾਰ ਡਾਲਰ ਬੈਂਕ ਵਿੱਚ ਜਮਾਂ ਹਨ।ਇਸ ਤੋਂ ਇਲਾਵਾ ਗ੍ਰੰਥੀ ਸਿੰਘਾਂ ਦੀ ਰਿਹਾਇਸ਼ ਤੇ ਕੰਮ ਚੱਲ ਰਿਹਾ ਹੈ।ਭਵਿੱਖ ਵਿੱਚ ਸੀਨੀਅਰ ਸੈਂਟਰ ਲਈ ਫੰਡ ਰੱਖੇ ਗਏ ਹਨ।ਕਿਚਨ ਦੀ ਰੈਨੋਵੇਸ਼ਨ ਕਰਕੇ ਰੋਟੀਆਂ ਪਕਾਉਂਣ ਵਾਲੀ ਮਸ਼ੀਨ ਚਾਲੂ ਕੀਤੀ ਜਾਵੇਗੀ।ਛੋਟੇ ਪ੍ਰੋਗ੍ਰਾਮਾਂ ਲਈ ਨਵਾਂ ਦਰਬਾਰ ਹਾਲ ਤੇ ਕਿਚਨ ਬਣਾਵਾਂਗੇ। ਗੁਰੂ ਸਾਹਿਬ ਜੀ ਦੀ ਸਵਾਰੀ ਲਈ ਵੈਨ ਲਈ ਜਾਵੇਗੀ।ਨਵੇਂ ਗੁੰਮਟਾਂ ਅਤੇ ਗੁਰਦਵਾਰੇ ਦੀ ਲੈਂਡ ਸਕੇਪਿੰਗ ਕੀਤੀ ਜਾਵੇਗੀ।

# ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਹਿੱਸਾ:ਅਮਰੀਕੀ ਸੈਨੇਟ

ਵਾਸ਼ਿੰਗਟਨ:ਅਮਰੀਕੀ ਸੈਨੇਟ 'ਚ ਸਰਬਸੰਮਤੀ ਨਾਲ ਇਕ ਮਤਾ ਪੇਸ਼ ਕਰ ਕੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਟੁੱਟ ਹਿੱਸਾ ਦੱਸਿਆ ਗਿਆ ਹੈ। ਇਹ ਮਤਾ ਚੀਨ ਦੇ ਹਮਲਾਵਰ ਰਵੱਈਏ ਵਿਰੁੱਧ ਹੈ ਜੋ ਕਿ ਅਸਲ ਕੰਟਰੋਲ ਰੇਖਾ 'ਤੇ ਵਰਤਮਾਨ ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਤੇ ਵਿਚ ਚੀਨ ਦੀਆਂ ਭੜਕਾਊ ਕਾਰਵਾਈਆਂ ਦੀ ਨਿਖੇਧੀ ਕੀਤੀ ਗਈ ਹੈ ਜਿਨ੍ਹਾਂ ਵਿਚ ਉੱਥੋਂ ਦੀ ਫ਼ੌਜ ਵੱਲੋਂ ਐਲਏਸੀ 'ਤੇ ਇਕਪਾਸੜ ਬਦਲਾਅ ਦੀ ਕੋਸ਼ਿਸ਼ ਸ਼ਾਮਲ ਹੈ। ਇਸ ਤੋਂ ਇਲਾਵਾ ਵਿਵਾਦਤ ਇਲਾਕਿਆਂ ਵਿਚ ਪਿੰਡ ਵਸਾਉਣ, ਅਰੁਣਾਚਲ ਪ੍ਰਦੇਸ਼ ਦੇ ਸ਼ਹਿਰਾਂ ਤੇ ਹੋਰ ਵਿਸ਼ੇਸ਼ਤਾਵਾਂ ਨਾਲ ਸਬੰਧਤ ਨਕਸ਼ੇ ਮੰਦਾਰਿਨ ਭਾਸ਼ਾ ਵਿਚ ਪ੍ਰਕਾਸ਼ਿਤ ਕਰਨ ਆਦਿ ਦੀ ਨਿਖੇਧੀ ਕੀਤੀ ਗਈ ਹੈ। ਮਤੇ ਵਿਚ ਪੇਈਚਿੰਗ ਵੱਲੋਂ ਭੂਟਾਨ 'ਚ ਜ਼ਮੀਨ 'ਤੇ ਦਾਅਵੇ ਜਤਾਉਣ ਦੀ ਆਲੋਚਨਾ ਵੀ ਸ਼ਾਮਲ ਹੈ। ਸੈਨੇਟ ਵਿਚ ਪੇਸ਼ ਮਤੇ ਮੁਤਾਬਕ ਚੀਨ ਅਰੁਣਾਚਲ ਨੂੰ ਆਪਣਾ ਖੇਤਰ ਦੱਸਦਾ ਹੈ ਤੇ ਇਸ ਨੂੰ 'ਦੱਖਣੀ ਤਿੱਬਤ' ਕਹਿੰਦਾ ਹੈ। ਉਸ ਨੇ ਇਨ੍ਹਾਂ ਦਾਅਵਿਆਂ ਨੂੰ ਹਮਲਾਵਰ ਤੇ ਵਿਸਤਾਰਵਾਦੀ ਨੀਤੀਆਂ ਰਾਹੀਂ ਹੋਰ ਤਿੱਖਾ ਕੀਤਾ ਹੈ। ਡੈਮੋਕਰੈਟਿਕ ਤੇ ਰਿਪਬਲਿਕਨ ਪਾਰਟੀ ਵੱਲੋਂ ਸਾਂਝੇ ਤੌਰ ਉਤੇ ਪੇਸ਼ ਕੀਤੇ ਗਏ ਮਤੇ ਵਿਚ ਕਿਹਾ ਗਿਆ ਹੈ ਕਿ, 'ਅਮਰੀਕਾ ਅਰੁਣਾਚਲ ਪ੍ਰਦੇਸ਼ ਸੂਬੇ ਨੂੰ ਵਿਵਾਦਤ ਖੇਤਰ ਨਹੀਂ ਮੰਨਦਾ, ਇਹ ਭਾਰਤ ਦਾ ਅਟੁੱਟ ਅੰਗ ਹੈ।' ਸੈਨੇਟ ਵਿਚ ਮਤਾ ਡੈਮੋਕਰੈਟ ਜੈੱਫ ਮਰਕਲੇ ਤੇ ਰਿਪਬਲਿਕਨ ਬਿਲ ਹਗਰਟੀ ਨੇ ਪੇਸ਼ ਕੀਤਾ ਸੀ। ਇੰਡੀਆ ਕਾਕਸ ਦੇ ਕੋ-ਚੇਅਰ ਸੈਨੇਟਰ ਜੌਹਨ ਕੌਰਨਿਨ ਨੇ ਵੀ ਇਸ ਮਤੇ ਦਾ ਸਮਰਥਨ ਕੀਤਾ। ਸੈਨੇਟ ਦੇ ਮਤੇ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਮੈਕਮੋਹਨ ਰੇਖਾ ਨੂੰ ਚੀਨ ਤੇ ਭਾਰਤੀ ਸੂਬੇ ਅਰੁਣਾਚਲ ਪ੍ਰਦੇਸ਼ ਦਰਮਿਆਨ ਕੌਮਾਂਤਰੀ ਸਰਹੱਦ ਮੰਨਦਾ ਹੈ।ਉਨ੍ਹਾਂ ਚੀਨ ਵੱਲੋਂ 'ਬਦਲਵਾਂ ਦ੍ਰਿਸ਼ਟੀਕੋਣ' ਰੱਖਣ ਦਾ ਵੀ ਜ਼ਿਕਰ ਕੀਤਾ। ਸੈਨੇਟਰ ਬਿਲ ਨੇ ਕਿਹਾ, 'ਉਸ ਸਮੇਂ ਜਦ ਚੀਨ ਹਿੰਦ-ਪ੍ਰਸ਼ਾਂਤ ਵਿਚ ਚੁਣੌਤੀ ਬਣ ਰਿਹਾ ਹੈ, ਇਹ ਮਹੱਤਵਪੂਰਨ ਹੈ ਕਿ ਅਮਰੀਕਾ ਖਿੱਤੇ ਵਿਚ ਆਪਣੇ ਰਣਨੀਤਕ ਭਾਈਵਾਲਾਂ, ਵਿਸ਼ੇਸ਼ ਤੌਰ 'ਤੇ ਭਾਰਤ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ।'

# ਮਨਿੰਦਰ ਸਿੰਘ ਗਿੱਲ ਦੀ ਸਲੇਟ ਵੱਲੋਂ ਲੰਗਰ ਹਾਲ 'ਚੋਂ ਕੁਰਸੀਆਂ-ਮੇਜ਼ ਨਾ ਚੁਕਵਾਉਣ ਦਾ ਵਾਅਦਾ

## ਹਰ ਮਹੀਨੇ-ਹਿਸਾਬ ਕਿਤਾਬ ਦੇਣ ਦੇ ਨਾਲ ਹੋਰ ਕਈ ਵਾਅਦੇ


ਮਨਿੰਦਰ ਸਿੰਘ ਗਿੱਲ

ਐਬਟਸਫੋਰਡ -ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ 5 ਮਾਰਚ ਨੂੰ ਹੋਣ ਜਾ ਰਹੀ ਚੋਣ ਵਿਚ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਮਨਿੰਦਰ ਸਿੰਘ ਗਿੱਲ ਦੀ ਅਗਵਾਈ ਵਾਲੀ ਸਲੇਟ ਨੇ ਵੋਟਰਾਂ ਨੂੰ ਭਰਵੇਂ ਸਮਰਥਨ ਦੀ ਅਪੀਲ ਕਰਦਿਆਂ ਚੋਣਾਂ ਜਿੱਤਣ ਦੀ ਸੂਰਤ ਵਿਚ ਗੁਰੂ ਘਰ ਦੇ ਲੰਗਰ ਹਾਲ ਵਿਚੋ ਕੁਰਸੀਆਂ ਮੇਜ ਨਾ ਚੁਕਾਏ ਜਾਣ ਦਾ ਵਾਅਦਾ ਕੀਤਾ ਹੈ। ਸਲੇਟ ਵਲੋਂ ਜਾਰੀ ਆਪਣੇ ਚੋਣ ਵਾਅਦਿਆਂ ਵਿਚ ਗੁਰੂ ਘਰ ਦੇ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਮਝਦੇ ਹੋਏ ਸਿੱਖਿਆਦਾਇਕ ਧਾਰਮਿਕ ਪ੍ਰੋਗਰਾਮ ਆਯੋਜਤ ਕਰਨ ਅਤੇ ਵਿਦਵਾਨ ਪ੍ਰਚਾਰਕਾਂ ਤੇ ਸਿੱਖ ਨੇਤਾਵਾਂ ਦੇ ਪ੍ਰੋਗਰਾਮ ਵੀ ਕਰਵਾਏ ਜਾਣ ਦਾ ਵਾਅਦਾ ਕੀਤਾ ਹੈ। ਗੁਰਦੁਆਰਾ ਪ੍ਰਬੰਧ ਨੂੰ ਪਾਰਦਰਸ਼ੀ ਬਣਾਉਣ ਲਈ ਹਰ ਮਹੀਨੇ ਹਿਸਾਬ ਕਿਤਾਬ ਦੇਣ ਦੇ ਨਾਲ ਪ੍ਰਬੰਧ ਨੂੰ ਮੁਢਲੇ ਸੰਵਿਧਾਨ ਮੁਤਾਬਿਕ ਚਲਾਉਣ ਦੀ ਗੱਲ ਕੀਤੀ ਗਈ ਹੈ।ਹਰ ਸਾਲ ਅਪ੍ਰੈਲ ਮਹੀਨੇ ਦੇ ਤੀਸਰੇ ਐਤਵਾਰ ਸਾਲਾਨਾ ਜਨਰਲ ਇਜਲਾਸ ਕਰਵਾਉਣ ਦੀ ਗਾਰੰਟੀ ਦਿੱਤੀ ਗਈ ਹੈ। ਚੁਣੇ ਗਏ ਮੈਂਬਰਾਂ ਦੇ ਦੋ ਸਾਲ ਕਾਰਜਕਾਲ ਦੇ ਖਤਮ ਹੋਣ ਉਪਰੰਤ ਨਵੇਂ ਮੈਂਬਰਾਂ ਨੂੰ ਸੇਵਾ ਦਾ ਮੌਕਾ ਦਿੱਤਾ ਜਾਵੇਗਾ। ਪ੍ਰਧਾਨ ਅਤੇ ਮੀਤ ਪ੍ਰਧਾਨ ਇਕ ਟਰਮ ਹੀ ਸੇਵਾ ਕਰ ਸਕਣਗੇ। ਧੜੇਬੰਦੀ ਨੂੰ ਖਤਮ ਕਰਨ ਲਈ ਹਰ ਮੈਬਰ ਨੂੰ ਬਰਾਬਰ ਦੇ ਮੌਕੇ ਦਿੱਤੇ ਜਾਣਗੇ ਤੇ ਨੌਜਵਾਨਾਂ ਦੀ ਗੁਰਦੁਆਰਾ ਪ੍ਰਬੰਧ ਵਿਚ ਬਰਾਬਰ ਦੀ ਭਾਈਵਾਲੀ ਯਕੀਨੀ ਬਣਾਈ ਜਾਵੇਗੀ। ਉਹਨਾਂ ਗੁਰਦੁਆਰਾ ਪ੍ਰਬੰਧ ਲਈ ਸੰਗਤ ਦੀ ਸਲਾਹ ਨਾਲ ਨਵੇਂ ਢੰਗ ਤਰੀਕੇ ਅਪਨਾਉਣ ਦਾ ਵੀ ਵਾਅਦਾ ਕਰਦਿਆਂ ਕਿਹਾ ਹੈ ਕਿ ਉਹ ਕੇਵਲ ਸੇਵਾ ਦੀ ਇੱਛਾ ਨਾਲ ਇਹ ਚੋਣ ਲੜਨ ਆਏ ਹਨ ਤੇ ਉਮੀਦ ਕਰਦੇ ਹਨ ਕਿ ਗੁਰੂ ਘਰ ਦੇ ਸ਼ਰਧਾਲੂ ਵੋਟਰ ਉਹਨਾਂ ਦੀ ਸਲੇਟ ਵਿਚ ਵਿਸ਼ਵਾਸ ਪ੍ਰਗਟ ਕਰਦੇ ਹੋਏ ਗੁਰਦੁਆਰਾ ਪ੍ਰਬੰਧ ਉਹਨਾਂ ਦੇ ਹੱਥ ਵਿਚ ਸੌਂਪਣ ਦਾ ਮੌਕਾ ਦੇਣਗੇ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases


Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।


Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਣੇ ਬਿਨਜਸ ਵਿੱਚ ਆਪਣੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE Immigration & Settlements Professional Dedicated Committed

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸਿੱਖਾਂ ਦੇ ਕਾਤਲ ਜਗਦੀਸ਼ ਟਾਈਟਲਰ ਨੂੰ ਮੈਂਬਰ ਬਣਾ ਕੇ ਕਾਂਗਰਸ ਨੇ ਪੀੜਤਾਂ ਦੇ ਜ਼ਖਮਾਂ ’ਤੇ ਲੂਣ ਛਿੜਕਿਆ:ਜਰਨੈਲ ਸਿੰਘ



ਨਵੀਂ ਦਿੱਲੀ:ਕਾਂਗਰਸ ਵੱਲੋਂ 1984 ਸਿੱਖ ਨਸਲਕੁਸ਼ੀ ਦੇ ਮੁਲਜ਼ਮ ਜਗਦੀਸ਼ ਟਾਈਟਲਰ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੇ ਫੈਸਲੇ ਦਾ ਆਮ ਆਦਮੀ ਪਾਰਟੀ ਨੇ ਵਿਰੋਧ ਕੀਤਾ ਹੈ। ਦਿੱਲੀ ਤੋਂ ‘ਆਪ’ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਮੁੱਦੇ ਨੂੰ ਦਿੱਲੀ ਵਿਧਾਨ ਸਭਾ ਵਿਚ ਚੁੱਕੇਗੀ। ਉਹਨਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਹਜ਼ਾਰਾਂ ਸਿੱਖਾਂ ਦਾ ਕਤਲ ਕੀਤਾ, ਅੱਜ ਕਾਂਗਰਸ ਵੱਲੋਂ ਉਹਨਾਂ ਨੂੰ ਕੁਰਸੀਆਂ ਦੇ ਕੇ ਨਿਵਾਜਿਆ ਜਾ ਰਿਹਾ ਹੈ। ਜਰਨੈਲ ਸਿੰਘ ਨੇ ਕਿਹਾ, “1984 ਸਿੱਖ ਕਤਲੇਆਮ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਕਾਤਲ ਜਗਦੀਸ਼ ਟਾਈਟਲਰ ਨੂੰ ਪਾਰਟੀ ਵਿਚ ਵਾਪਸ ਲਿਆ ਕੇ ਕਾਂਗਰਸ ਨੇ ਮੁੜ ਸਿੱਖਾਂ ਦੇ ਜ਼ਖਮਾਂ ’ਤੇ ਲੂਣ ਛਿੜਕਿਆ ਹੈ। ਕਾਂਗਰਸ ਦੀ ਇਸ ਘਿਨਾਉਣੀ ਹਰਕਤ ਤੋਂ ਸਪੱਸ਼ਟ ਹੈ ਕਿ ਕਾਂਗਰਸ ਅਜੇ ਵੀ ਕਾਤਲਾਂ ਦੇ ਨਾਲ ਖੜੀ ਹੈ”। ਉਹਨਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਅੱਜ ਸਲਾਖਾਂ ਪਿੱਛੇ ਹੋਣਾ ਚਾਹੀਦਾ ਸੀ, ਕਾਂਗਰਸ ਉਹਨਾਂ ਨੂੰ ਵੱਡੇ-ਵੱਡੇ ਅਹੁਦੇ ਦੇ ਰਹੀ ਹੈ। ਇਹ ਬਹੁਤ ਸ਼ਰਮ ਵਾਲੀ ਗੱਲ ਹੈ, 1984 ਦੇ ਪੀੜਤ ਸਿੱਖਾਂ ਅਤੇ ਹਰੇਕ ਇਨਸਾਫ ਪਸੰਦ ਵਿਅਕਤੀ ਵਿਚ ਭਾਰੀ ਰੋਸ ਹੈ। ਉਹਨਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਮਗਰੋਂ ਸਿੱਟ ਦਾ ਗਠਨ ਹੋਇਆ ਸੀ ਪਰ 8-9 ਸਾਲ ਬੀਤ ਜਾਣ ਮਗਰੋਂ ਕੋਈ ਇਨਸਾਫ ਨਹੀਂ ਮਿਲਿਆ। ਪੀੜਤਾਂ ਦੀ ਉਮੀਦ ਖ਼ਤਮ ਹੁੰਦੀ ਜਾ ਰਹੀ ਹੈ। ਬੇਹਿਸਾਬ ਸਬੂਤ ਹੋਣ ਦੇ ਬਾਵਜੂਦ, ਕੋਈ ਕਾਰਵਾਈ ਨਹੀਂ ਹੋਈ। ਰਾਹੁਲ ਗਾਂਧੀ ਦੇ ਬਿਆਨ ਦਾ ਜ਼ਿਕਰ ਕਰਦਿਆਂ ਜਰਨੈਲ ਸਿੰਘ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਅਸੀਂ ਦੇਸ਼ ਵਿਚ ਮੁਹੱਬਤ ਦੀ ਦੁਕਾਨ ਖੋਲਾਂਗੇ। ਕੀ ਅਜਿਹੇ ਫੈਸਲੇ ਲੈ ਕੇ ਮੁਹੱਬਤ ਦੀ ਦੁਕਾਨ ਖੁੱਲ੍ਹੇਗੀ, ਇਹ ਫਰਜ਼ੀ ਗੱਲਾਂ ਹਨ। ਕਾਂਗਰਸ ਹਮੇਸ਼ਾ ਕਾਤਲਾਂ ਦੇ ਨਾਲ ਖੜੀ ਰਹੀ ਹੈ। ਉਹਨਾਂ ਕਿਹਾ ਕਿ ਅਜਿਹੇ ਕਾਤਲਾਂ ਨੂੰ ਪਾਰਟੀ ਵਿਚੋਂ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਜੇਕਰ ਕਾਂਗਰਸ ਨੇ ਕਾਰਵਾਈ ਨਾ ਕੀਤੀ ਤਾਂ ਇਹ ਪੂਰੇ ਦੇਸ਼ ਵਿਚ ਜ਼ੀਰੋ ਹੋ ਜਾਵੇਗੀ।

## ਕਠਪੁਤਲੀ ਏਜੰਸੀਆਂ ਦਾ ਡਰ ਦਿਖਾ ਕੇ ਦੇਸ਼ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ:ਕਾਂਗਰਸ

ਨਵੀਂ ਦਿੱਲੀ/ਰਾਏਪੁਰ: ਛੱਤੀਸਗੜ੍ਹ ਵਿੱਚ ਪਾਰਟੀ ਦੇ ਕਈ ਆਗੂਆਂ ਖ਼ਿਲਾਫ਼ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਕਾਰਵਾਈ ਨੂੰ ਲੈ ਕੇ ਕਾਂਗਰਸ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਕਠਪੁਤਲੀ ਏਜੰਸੀਆਂ ਦਾ ਡਰ ਦਿਖਾ ਕੇ ਦੇਸ਼ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਕਿਹਾ ਕਿ ਕਾਂਗਰਸ ਅਜਿਹੀਆਂ ‘ਸਿਆਸੀ ਬਦਲਾਖੋਰੀ’ ਦੀਆਂ ਚਾਲਾਂ ਤੋਂ ਘਬਰਾਉਣ ਵਾਲੀ ਨਹੀਂ ਹੈ। ਰਾਏਪੁਰ ਦੇ ਸਵਾਮੀ ਵਿਵੇਕਾਨੰਦ ਹਵਾਈ ਅੱਡੇ ‘ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਾਨੂੰਨ ਦੇ ਤਹਿਤ ਇਸ ਕਦਮ ਦਾ ਮੁਕਾਬਲਾ ਕਰੇਗੀ ਅਤੇ ਕਾਨੂੰਨੀ ਲੜਾਈ ਲੜੇਗੀ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary





New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711


# ਜਦੋਂ ਦਸਤਖ਼ਤਾਂ ਦਾ ਮੁੱਲ ਪੈਂਦਾ ਸੀ, ਉਦੋਂ ਦਸਤਖ਼ਤ ਕਿਉਂ ਨਹੀਂ ਕੀਤੇ?

## ਬੰਦੀ ਸਿੰਘਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦਾ ਬਾਦਲਾਂ ’ਤੇ ਹਮਲਾ, “ਵੇਲੇ ਦਾ ਕੰਮ ਕੁਵੇਲੇ ਦੀਆਂ ਟੱਕਰਾਂ”





ਲੁਧਿਆਣਾ: ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਚਲਾਈ ਜਾ ਰਹੀ ਦਸਤਖ਼ਤੀ ਮੁਹਿੰਮ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਾਦਲਾਂ ’ਤੇ ਹਮਲਾ ਬੋਲਿਆ ਹੈ। ਦਰਅਸਲ ਬੀਤੇ ਦਿਨੀਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਚਲਾਈ ਜਾ ਰਹੀ ਦਸਤਖ਼ਤੀ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕਰਦਿਆਂ ਫਾਰਮ ’ਤੇ ਦਸਤਖਤ ਕੀਤੇ ਸਨ। ਇਸ ਨੂੰ ਲੈ ਕੇ ਭਗਵੰਤ ਮਾਨ ਨੇ ਕਿਹਾ ਕਿ ਜਦੋਂ ਬਾਦਲਾਂ ਦੇ ਦਸਤਖਤ ਦੀ ਅਹਿਮੀਅਤ ਸੀ, ਉਦੋਂ ਉਹਨਾਂ ਨੇ ਦਸਤਖ਼ਤ ਨਹੀਂ ਕੀਤੇ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਦਸਤਖ਼ਤਾਂ ਦਾ ਮੁੱਲ ਪੈਂਦਾ ਸੀ, ਉਦੋਂ ਬਾਦਲਾਂ ਨੇ ਦਸਤਖ਼ਤ ਕਿਉਂ ਨਹੀਂ ਕੀਤੇ। ਹੁਣ ਪ੍ਰਕਾਸ਼ ਸਿੰਘ ਬਾਦਲ ਦੇ ਦਸਤਖ਼ਤਾਂ ਦਾ ਕੀ ਮੁੱਲ? ਹੁਣ ਤਾਂ ਭਾਵੇਂ ਪੈਰਾਂ ਦੇ ਅੰਗੂਠੇ ਲਵਾ ਲਓ, ਹੁਣ ਕੌਣ ਪੁੱਛਦਾ ਦਸਤਖ਼ਤਾਂ ਨੂੰ। ਉਹਨਾਂ ਅੱਗੇ ਕਿਹਾ, “ਜਦੋਂ ਵਾਜਪਾਈ ਨਾਲ ਸਾਂਝ ਸੀ ਅਤੇ ਤੁਹਾਡਾ ਮੁੰਡਾ ਮੰਤਰੀ ਸੀ, ਉਦੋਂ ਤੁਸੀਂ ਕੇਂਦਰ ਤੋਂ ਲਿਖਵਾ ਸਕਦੇ ਸੀ। ਜਦੋਂ ਫੈਸਲੇ ਲੈਣੇ ਸੀ, ਉਦੋਂ ਲਏ ਨਹੀਂ। ਵੇਲੇ ਦਾ ਕੰਮ ਕੁਵੇਲੇ ਦੀਆਂ ਟੱਕਰਾਂ”।


AMAYA LIVING





60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਰਾਜੋਆਣਾ ਦਾ ਬਿਆਨ ਮੋਰਚੇ ਲਈ ਬੇਮਾਇਨੇ:ਚਾਹਲ
## ਬਲਵੰਤ ਸਿੰਘ ਰਾਜੋਆਣਾ ਨੇ ਮੋਰਚੇ ਦੇ ਆਗੂਆਂ ਉੱਤੇ ਲਾਏ ਇਲਜ਼ਾਮ

ਚੰਡੀਗੜ੍ਹ:-ਮੇਰਾ ਮੋਰਚੇ ਨਾਲ (ਕੌਮੀ ਇਨਸਾਫ਼ ਮੋਰਚੇ) ਨਾਲ ਕੋਈ ਸਬੰਧ ਨਹੀਂ ਹੈ। ਅਮਰ ਸਿੰਘ ਚਾਹਲ ਏਜੰਸੀਆਂ ਦਾ ਬੰਦਾ ਹੈ ਅਤੇ ਮੋਰਚੇ ਦੇ ਆਗੂਆਂ ਨੇ ਮੇਰੇ ਬਾਰੇ ਗਲਤ ਬਿਆਨਬਾਜ਼ੀ ਕੀਤੀ ਹੈ।''ਅਮਰ ਸਿੰਘ ਚਾਹਲ ਪੰਜਾਬ ਅਤੇ ਹਰਿਆਣਾ ਦੇ ਵਕੀਲ ਹਨ ਅਤੇ ਕੌਮੀ ਇਨਸਾਫ਼ ਮੋਰਚੇ ਦੇ ਪ੍ਰਮੁੱਖ ਆਗੂਆਂ ਵਿੱਚੋਂ ਇੱਕ ਹਨ।ਰਾਜੋਆਣਾ ਨੇ ਕਿਹਾ ਕਿਹਾ, ''ਮੇਰੇ ਅਕਾਲੀ ਹੋਣ ਉੱਤੇ ਇਤਰਾਜ਼ ਪ੍ਰਗਟਾਏ ਜਾ ਰਹੇ ਹਨ, ਮੈਂ ਅਕਾਲੀ ਹਾਂ ਅਤੇ ਅਕਾਲੀ ਹੀ ਰਹਾਂਗਾ। ਮੋਰਚੇ ਵਾਲੇ ਦੱਸਣ ਕਿ ਉਹ ਕਿਹੜੀ ਪਾਰਟੀ ਨਾਲ ਸਬੰਧਤ ਹਨ।''ਰਾਜੋਆਣਾ ਨੇ ਕਿਹਾ ਕਿ ਉਨ੍ਹਾਂ ਮੈਂ ਪਹਿਲਾਂ ਵੀ ਸਪੱਸ਼ਟ ਕਰ ਚੁੱਕਿਆ ਹਾਂ।ਬੀਬੀਸੀ ਦੇ ਸਹਿਯੋਗੀ ਗੁਰਮਿੰਦਰ ਸਿੰਘ ਗਰੇਵਾਲ ਮੁਤਾਬਕ ਪਟਿਆਲ਼ਾ ਦੇ ਰਾਜਿੰਦਰਾ ਹਸਪਤਾਲ ਵਿੱਚ ਚੈੱਕਅਪ ਲਈ ਲਿਆਂਦੇ ਗਏ ਰਾਜੋਆਣਾ ਨੇ ਪੁਲਿਸ ਨਾਲ ਹਸਪਤਾਲ ਦੇ ਅੰਦਰ ਜਾਂਦੇ ਸਮੇਂ ਮੀਡੀਆ ਦੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਉਨ੍ਹਾਂ ਦਾ ਕੌਮੀ ਇਨਸਾਫ਼ ਮੋਰਚੇ ਨਾਲ ਕੋਈ ਸਬੰਧ ਨਹੀਂ ਹੈ।ਮੁਹਾਲੀ ਵਿੱਚ ਪਿਛਲੇ ਕਈ ਹਫ਼ਤਿਆਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚਾ ਚੱਲ ਰਿਹਾ ਹੈ।ਇਸ ਮੋਰਚੇ ਵਲੋਂ ਜਿਹੜੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਹੈ, ਬਲਵੰਤ ਸਿੰਘ ਰਾਜੋਆਣਾ ਉਨ੍ਹਾਂ ਵਿੱਚੋਂ ਇੱਕ ਹੈ।ਅਮਰ ਸਿੰਘ ਚਾਹਲ ਨੇ ਬਲਵੰਤ ਸਿੰਘ ਰਾਜੋਆਣਾ ਦੇ ਬਿਆਨ ਦਾ ਜਵਾਬ ਦਿੰਦਿਆਂ ਕਿਹਾ,"ਰਾਜੋਆਣਾ ਦੇ ਸਾਡੀ ਹਿਮਾਇਤ ਨਾ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ।ਮੇਰੇ ਖ਼ਿਲਾਫ਼ ਉਨ੍ਹਾਂ ਜੋ ਕਿਹਾ ਉਹ ਬਿਲਕੁਲ ਝੂਠ ਹੈ।ਮੈਨੂੰ ਏਜੰਸੀਆਂ ਨਾਲ ਸਬੰਧਿਤ ਹੋਣਾ ਦੱਸਣਾ ਬਿਲਕੁਲ ਗ਼ਲਤ ਹੈ।ਅਜਿਹੀਆਂ ਗੱਲਾਂ ਨਾਲ ਮੇਰੇ ਅਕਸ ਨੂੰ ਕੋਈ ਫ਼ਰਕ ਨਹੀਂ ਪੈਂਦਾ।

"ਉਨ੍ਹਾਂ ਕਿਹਾ ਕਿ ਇਸ ਦਾ ਕਾਰਨ ਮੇਰੇ ਵਲੋਂ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਦਾ ਉਸ ਸਮੇਂ ਵਿਰੋਧ ਕਰਨਾ ਹੋ ਸਕਦਾ ਹੈ ਜਦੋਂ ਉਹ ਚੋਣਾਂ ਲੜ ਰਹੀ ਸੀ।- ਅਮਰ ਸਿੰਘ ਚਾਹਲ ਨੇ ਕਿਹਾ ਕਿ ਰਾਜੋਆਣਾ ਨੂੰ ਅਜਿਹਾ ਬਿਆਨ ਨਹੀਂ ਦੇਣਾ ਚਾਹੀਦਾ ਸੀ। ਇਸ ਨਾਲ ਜ਼ੇਲ੍ਹਾਂ ਵਿੱਚ ਬੰਦ ਹੋਰ ਮੁਲਜ਼ਮਾਂ ਦੀ ਮੁਸ਼ਕਿਲ ਵੱਧਦੀ ਹੈ।ਰਾਜੋਆਣਾ ਤੋਂ ਇਲਾਵਾ ਜਿੰਨੇ ਵੀ ਸਿੱਖ ਰਾਜਨੀਤਿਕ ਕੈਦੀ ਹਨ, ਨੇ ਮੋਰਚੇ ਦੀ ਹਿਮਾਇਤ ਕੀਤੀ ਹੈ।ਰਾਜੋਆਣਾ ਨੂੰ ਅਜਿਹਾ ਬਿਆਨ ਨਹੀਂ ਦੇਣਾ ਚਾਹੀਦਾ ਸੀ। ਇਸ ਨਾਲ ਜ਼ੇਲ੍ਹਾਂ ਵਿੱਚ ਬੰਦ ਹੋਰ ਮੁਲਜ਼ਮਾਂ ਦੀ ਮੁਸ਼ਕਿਲ ਵੱਧਦੀ ਹੈ।ਵਕੀਲ ਅਮਰ ਸਿੰਘ ਚਾਹਲ ਨੇ ਰਾਜੋਆਣਾ ਦੇ ਅਜਿਹੇ ਬਿਆਨ ਪਿੱਛੇ ਸਿਆਸੀ ਕਾਰਨ ਹੋਣ ਦਾ ਖ਼ਦਸ਼ਾ ਵੀ ਜ਼ਾਹਰ ਕੀਤਾ ਹੈ।ਕੌਮੀ ਇਨਸਾਫ਼ ਮੋਰਚੇ ਦੇ ਪ੍ਰਬੰਧਕ ਬਲਵਿੰਦਰ ਸਿੰਘ ਨੇ ਕਿਹਾ, ''ਅਸੀਂ ਕੇਵਲ ਇੰਨਾ ਕਹਿਣਾ ਚਾਹਾਂਗੇ ਕਿ ਉਹ ਉੱਨੇ ਹੀ ਸਤਿਕਾਰਯੋਗ ਹਨ, ਜਿੰਨੇ ਭਾਈ ਜਗਤਾਰ ਸਿੰਘ ਹਵਾਰਾ।''ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਨਮਾਨ ਉਨ੍ਹਾਂ ਵਲੋਂ ਕੀਤੇ ਕਾਰਜਾਂ ਕਰਕੇ ਹੈ।ਬਲਵਿੰਦਰ ਸਿੰਘ ਨੇ ਅੱਗੇ ਕਿਹਾ, ''ਅਕਾਲੀ ਹੋਣ ਉੱਤੇ ਕਿਸੇ ਨੂੰ ਇਤਰਾਜ਼ ਨਹੀਂ ਸਾਨੂੰ ਇਤਰਾਜ਼ ਬਾਦਲਕੇ ਹੋਣ ਉੱਤੇ ਹਨ। ਜਿਨ੍ਹਾਂ ਰਾਜੋਆਣਾ ਦੀ ਭੈਣ ਨੂੰ ਚੋਣਾਂ ਵਿੱਚ ਖੜੀ ਕਰਕੇ ਹਰਾਇਆ।''ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਹ ਬਾਹਰ ਆ ਗਏ ਤਾਂ ਫੈਸਲਾ ਕਰ ਲੈਣ ਕਿ ਉਨ੍ਹਾਂ ਬਾਬਰ ਕਿਆਂ ਨਾਲ ਖੜ੍ਹਨਾ ਹੈ ਜਾਂ ਬਾਬੇ ਕਿਆਂ ਨਾਲ।ਅਮਰ ਸਿੰਘ ਚਾਹਲ ਨੂੰ ਏਜੰਸੀਆਂ ਦਾ ਬੰਦਾ ਦੱਸਣੇ ਬਾਰੇ ਬਲਵਿੰਦਰ ਸਿੰਘ ਨੇ ਕਿਹਾ, ''ਚੰਗਾ ਹੋਇਆ ਦੱਸ ਦਿੱਤਾ ਅਸੀਂ ਉਨ੍ਹਾਂ ਨੂੰ ਦੱਸ ਦਿਆਂਗੇ ਕਿ ਏਜੰਸੀਆਂ ਨਾਲ ਗੱਲ ਕਰਕੇ ਸਿੱਖ ਕੈਦੀਆਂ ਦੀ ਰਿਹਾਈ ਕਰਵਾਈ ਜਾਵੇ''ਰਾਜੋਆਣਾ ਬਾਰੇ ਬਿਆਨਾਂ ਬਾਬਤ ਬਲਵਿੰਦਰ ਸਿੰਘ ਨੇ ਕਿਹਾ ਕਿ ਇਹ ਮਨ ਵਿੱਚ ਨਫ਼ਰਤ ਦੀ ਭਾਵਨਾਵਾਂ ਕਰਕੇ ਹੋਇਆ ਹੋ ਸਕਦਾ ਹੈ , ਜਿਵੇਂ ਬਾਪੂ ਜੀ ( ਹਵਾਰਾ ਦਾ ਧਰਮੀ ਪਿਓ) ਨੇ ਬੋਲਿਆ, ਇਹ ਬਾਪੂ ਜੀ ਨਾਲ ਜੁੜੀ ਹੋਈ ਗੱਲ ਹੈ, ਮੋਰਚੇ ਵਿੱਚ ਆਉਣ ਵਾਲੇ ਹਜ਼ਾਰਾਂ ਲੋਕਾਂ ਬਾਰੇ ਨਹੀਂ ਹੈ।ਚੇਤੇ ਰਹੇ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਕੇਂਦਰ ਸਰਕਾਰ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਇਸ ਦੇ ਨਾਲ ਹੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮਾਫ਼ ਕਰਕੇ ਉਮਰ ਕੈਦ ਵਿਚ ਬਦਲਣ ਦੇ ਹੁਕਮ ਦਿੱਤੇ ਸਨ।ਰਾਜੋਆਣਾ ਨੇ ਹਾਈ ਕੋਰਟ ਵਿੱਚ ਅਪੀਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਇਹ ਕਹਿ ਕੇ ਕਿ ਉਨ੍ਹਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਵਿਚ ਭਰੋਸਾ ਨਹੀਂ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੇ ਕੇਸ ਦੀ ਉੱਚ ਅਦਾਲਤ ਵਿਚ ਪੈਰਵੀ ਕੀਤੀ।ਰਾਜੋਆਣਾ ਨੂੰ 31 ਮਾਰਚ 2012 ਨੂੰ ਫਾਸੀ ਦਿੱਤੀ ਜਾਣੀ ਸੀ ਪਰ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਸਿੱਖ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਦੀ ਫਾਂਸੀ ਦੀ ਸਜ਼ਾ ਮਾਫ਼ ਕਰਨ ਲਈ ਤਿੱਖੀ ਮੁਹਿੰਮ ਚਲਾਈ ਸੀ। ਪੂਰੇ ਪੰਜਾਬ ਵਿਚ ਫਾਂਸੀ ਰੁਕਵਾਉਣ ਲਈ ਰੋਸ ਮੁਜ਼ਾਹਰੇ ਕੀਤੇ ਗਏ, ਲੋਕਾਂ ਨੇ ਘਰ-ਘਰ ਕੇਸਰੀ ਝੰਡੀਆਂ ਲਗਾ ਕੇ ਰਾਜੋਆਣਾ ਨੂੰ ਫਾਂਸੀ ਦੇਣ ਦਾ ਵਿਰੋਧ ਕੀਤਾ।ਭਾਵੇਂ ਅਕਾਲੀ ਦਲ ਨੂੰ ਇਸ ਮੁੱਦੇ ਉੱਤੇ ਭਾਜਪਾ ਦਾ ਇਸ ਮਾਮਲੇ ਵਿੱਚ ਸਾਥ ਨਹੀਂ ਮਿਲੀਆ ਸੀ ਪਰ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਗ੍ਰਿਹ ਮੰਤਰਾਲੇ ਦੀ ਸਿਫ਼ਾਰਿਸ਼ ਉੱਤੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ 28 ਮਾਰਚ 2012 ਨੂੰ ਅਣਮਿੱਥੇ ਸਮੇਂ ਲਈ ਟਾਲ ਦਿੱਤੀ ਸੀ।ਅਕਾਲ ਤਖ਼ਤ ਵਲੋਂ ਬਲਵੰਤ ਸਿੰਘ ਰਾਜੋਆਣਾ ਨੂੰ 'ਜ਼ਿੰਦਾ ਸ਼ਹੀਦ' ਦਾ ਸਨਮਾਨ ਦਿੱਤਾ ਗਿਆ, ਜਿਸ ਨੂੰ ਲੈਣ ਤੋਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਪਰ ਬਾਅਦ 'ਚ 27 ਮਾਰਚ ਨੂੰ ਉਨ੍ਹਾਂ ਨੇ ਇਹ ਦਰਜਾ ਸਵੀਕਾਰ ਕਰ ਲਿਆ।ਰਾਜੋਆਣਾ ਨੇ ਕਿਹਾ ਸੀ ਇਹ


ਭਾਈ ਬਲਵਿੰਦਰ ਸਿੰਘ
ਅਮਰ ਸਿੰਘ ਚਾਹਲ


ਭਾਈ ਬਲਵੰਤ ਸਿੰਘ ਰਾਜੋਆਣਾਂ

ਸਨਮਾਨ ਉਨ੍ਹਾਂ ਨੂੰ ਆਪਣੇ ਟੀਚੇ ਲਈ ਹੋਰ ਮਜ਼ਬੂਤ ਬਣਾਵੇਗਾ।ਰਾਜੋਆਣਾ ਦੇ ਨਾਲ ਹੀ ਦਿਲਾਵਰ ਸਿੰਘ ਨੂੰ ਵੀ 'ਜ਼ਿੰਦਾ ਸ਼ਹੀਦ' ਐਲਾਨਿਆ ਸੀ।ਇਸ ਦਾ ਬੇਅੰਤ ਸਿੰਘ ਦੇ ਪੋਤਰੇ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਵਿਰੋਧ ਵੀ ਕੀਤਾ।ਰਾਜੋਆਣਾ ਨੇ ਉਨ੍ਹਾਂ ਨੂੰ ਜੇਲ੍ਹ ਵਿਚ ਇੰਟਰਵਿਊ ਕਰਨ ਆਏ ਸੀਨੀਅਰ ਪੱਤਰਕਾਰ ਤੇ ਮੌਜੂਦਾ ਆਪ ਵਿਧਾਇਕ ਕੰਵਰ ਸੰਧੂ ਉੱਤੇ ਹਮਲਾ ਕਰ ਦਿੱਤਾ ਸੀ।ਕੰਵਰ ਸੰਧੂ ਨੇ ਪੰਜਾਬ ਪੁਲਿਸ ਦੇ ਇੱਕ ਵਿਵਾਦਤ ਅਧਿਕਾਰੀ ਗੁਰਮੀਤ ਸਿੰਘ ਪਿੰਕੀ ਦੀ ਇੰਟਰਵਿਊ ਕੀਤੀ ਸੀ। ਜਿਸ ਬਾਰੇ ਰਾਜੋਆਣਾ ਦਾ ਕਹਿਣਾ ਸੀ ਕਿ ਇਸ ਮੁਲਾਕਾਤ ਵਿਚ ਗ਼ਲਤ ਤੱਥ ਪੇਸ਼ ਕੀਤੇ ਗਏ ਸਨ।ਰਾਜੋਆਣਾ ਦਾ ਪੱਖ ਲੈਣ ਲਈ ਗੁਰਮੀਤ ਪਿੰਕੀ ਨਾਲ ਜਦੋਂ ਕੰਵਰ ਸੰਧੂ ਜੇਲ੍ਹ ਵਿਚ ਗਏ ਤਾਂ ਉਨ੍ਹਾਂ ਉੱਤੇ ਰਾਜੋਆਣਾ ਨੇ ਹਮਲਾ ਕਰ ਦਿੱਤਾ। ਇਸ ਮਾਮਲੇ ਵਿਚ ਦੋ ਜੇਲ੍ਹ ਅਧਿਕਾਰੀਆਂ ਨੂੰ ਮੁੱਅਤਲ ਵੀ ਕੀਤਾ ਗਿਆ ਸੀ।ਬਲਵੰਤ ਰਾਜੋਆਣਾ ਦੀ ਭੈਣ ਕਮਲਦੀਪ ਕੌਰ(ਧਰਮੀਂ ਭੈਣ) ਨੇ ਬਾਦਲਾਂ ਦੀ ਟਿਕਟ ਤੇ ਲੋਕ ਸਭਾ ਚੋਣ ਲੜਨ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ ਚੋਣ ਲੜੀ ਪਰ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ।ਕਮਲਦੀਪ ਕੌਰ ਨੇ ਉਦੋ ਕਿਹਾ ਸੀ ਉਸ ਨੂੰ ਰਾਜੋਆਣਾ ਨੇ ਇਸ ਲਈ ਚੋਣ ਲੜਨ ਲਈ ਕਿਹਾ ਹੈ ਕਿਉਂਕਿ ਉਹ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਦੀਆਂ ਪੰਥ ਵਿਰੋਧੀ ਕੰਮਾਂ ਨੂੰ ਬੇਨਕਾਬ ਕਰਨਾ ਚਾਹੁੰਦਾ ਹੈ।ਕਮਲਦੀਪ ਕੌਰ ਨੂੰ ਸਿਰਫ਼ 15313 ਵੋਟਾਂ ਹੀ ਮਿਲੀਆਂ ਸਨ। ਉਸ ਸਮੇਂ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਲਮਦੀਪ ਕੌਰ ਨੇ ਮੀਡੀਆ ਸਾਹਮਣੇ ਇੱਕ ਚਿੱਠੀ ਪੇਸ਼ ਕਰਦਿਆਂ ਕਿਹਾ ਕਿ ਸੀ ਇਹ ਚਿੱਠੀ ਬਲਵੰਤ ਸਿੰਘ ਨੇ ਜੇਲ੍ਹ ਵਿੱਚੋਂ ਉਨ੍ਹਾਂ ਰਾਹੀਂ ਭੇਜੀ ਹੈ।ਕਲਮਦੀਪ ਕੌਰ ਮੁਤਾਬਕ ਬਲਵੰਤ ਸਿੰਘ ਰਾਜੋਆਣਾ ਨੇ ਕਿਹਾ ਸੀ, ''ਅਕਾਲੀ-ਭਾਜਪਾ ਗਠਜੋੜ ਹਿੰਦੂ-ਸਿੱਖ ਏਕਤਾ ਦਾ ਪ੍ਰਤੀਕ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਵੱਡੇ ਸੰਘਰਸ਼ ਤੇ ਕੁਰਬਾਨੀਆਂ ਕੀਤੀਆਂ ਹਨ।"""ਭਾਜਪਾ ਦੀ ਕੇਂਦਰ ਸਰਕਾਰ ਨੇ 35 ਸਾਲ ਬਾਅਦ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਜਿਵੇਂ ਗਿੱਚੀ ਤੋਂ ਫੜ ਕੇ ਜੇਲ੍ਹ ਭੇਜਿਆ ਹੈ, ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇਣ ਦੀ ਕੋਸ਼ਿਸ਼ ਕੀਤੀ ਹੈ, ਇਸ ਨਾਲ ਸਿੱਖ ਭਾਵਨਾਵਾਂ ਨੂੰ ਮੱਲ੍ਹਮ ਲੱਗੀ ਹੈ।''ਚਿੱਠੀ ਵਿਚ ਅੱਗੇ ਲਿਖਿਆ ਹੈ, ''ਕੇਂਦਰ ਸਰਕਾਰ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣ ਦੀ ਕੋਸ਼ਿਸ਼ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਹੈ।''

## ਮਹਿਲਾ ਟੀ20 ਵਰਲਡ ਕੱਪ ਇੰਗਲੈਂਡ ਹੱਥੋਂ ਹਾਰੀ ਟੀਮ ਇੰਡੀਆ

ਲੰਡਨ:-ਇੰਗਲੈਂਡ ਦੇ 152 ਦੌੜਾਂ ਦੇ ਟੀਚੇ ਦਾ ਪਿੱਛਾ ਕਰ ਰਹੀ ਭਾਰਤੀ ਟੀਮ ਨੇ 11 ਦੌੜਾਂ ਨਾਲ ਇਹ ਮੈਚ ਗੁਆ ਲਿਆ ਹੈ। ਭਾਰਤ ਦੀ ਟੀਮ 140 ਦੌੜਾਂ ਹੀ ਬਣਾ ਸਕੀ।ਇਸ ਰੋਮਾਂਚਕ ਮੁਕਾਬਲੇ ਵਿੱਚ ਇੰਗਲੈਂਡ ਨੇ ਭਾਰਤ ਨੂੰ 11 ਦੌੜਾਂ ਨਾਲ ਹਰਾ ਦਿੱਤਾ।ਇੰਗਲੈਂਡ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 7 ਵਿਕਟਾਂ ਉੱਤੇ 151 ਦੌੜਾਂ ਬਣਾਈਆਂ।

ਟੀਚੇ ਦਾ ਪਿੱਛਾ ਕਰਦਿਆਂ ਭਾਰਤੀ ਟੀਮ 20 ਓਵਰਾਂ ਵਿੱਚ ਪੰਜ ਵਿਕਟਾਂ ਉੱਤੇ 140 ਦੌੜਾਂ ਬਣਾ ਸਕੀ।ਭਾਰਤ ਵੱਲੋਂ ਸਭ ਤੋਂ ਵੱਧ ਦੌੜਾਂ ਉੱਪ-ਕਪਤਾਨ ਸਮ੍ਰਿਤੀ ਮੰਧਾਨਾ ਨੇ ਬਣਾਈਆਂ।ਮੰਧਾਨਾ ਨੇ 41 ਗੇਂਦਾਂ ਉੱਤੇ ਸੱਤ ਚੌਕੇ, ਇੱਕ ਛੱਕੇ ਦੀ ਮਦਦ ਨਾਲ 52 ਦੌੜਾਂ ਬਣਾਈਆਂ। ਇਸ ਤੋਂ ਇਲਾਵਾ ਰਿਚਾ ਘੋਸ਼ ਨੇ 34 ਗੇਂਦਾਂ ਨਾਲ 47 ਦੌੜਾਂ ਬਣਾਈਆਂ।ਉਧਰ ਕਪਤਾਨ ਹਰਮਨਪ੍ਰੀਤ ਕੌਰ ਸਿਰਫ਼ 4 ਦੌੜਾਂ ਹੀ ਬਣਾ ਸਕੇ ਅਤੇ ਜੇਮਿਮਾ ਰੌਡ੍ਰਿਗਸ ਨੇ 13 ਦੌੜਾਂ ਬਣਾਈਆਂ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਮਪੋਰਟਿਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਜੋ ਸ਼ਹੀਦ ਪ੍ਰੀਵਾਰ ਜੋ ਹੁਕਮ ਲਾਵੇ ਮੈਂ ਸਿਰ ਮੱਥੇ ਮੰਨਾਗਾਂ:ਪੰਥਕ ਤੌਰ ਤੇ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ

# ਆਉ ਸਾਰੇ ਇਕੱਠੇ ਹੋ ਕੇ ਦਿੱਲੀ ਹਕੂਮਤ ਨਾਲ ਲੜੀਏ:ਅੰਮ੍ਰਿਤਪਾਲ ਸਿੰਘ





ਬੁੱਧਸਿੰਘ ਵਾਲਾ (ਮੋਗਾ) :-ਅਮ੍ਰਿਤਪਾਲ ਸਿੰਘ ਨੇ ਇੱਕ ਵਾਰ ਫੇਰ ਪੰਜਾਬ ਪੁਲਿਸ ਨੂੰ ਕਿਹਾ ਹੈ, ''ਸਭ ਨੂੰ ਪਤਾ ਹੈ ਕਿ ਮੈਂ ਕਿੱਥੇ ਖੜ੍ਹਾ ਹਾਂ। ਜਿਸ ਨੇ ਮੈਨੂੰ ਗ੍ਰਿਫ਼ਤਾਰ ਕਰਨਾ ਹੈ, ਕਰ ਸਕਦਾ ਹੈ। ਜਾਂ ਸਾਨੂੰ ਦੱਸ ਦਿੱਤਾ ਜਾਵੇ, ਅਸੀਂ ਜਥੇ ਨਾਲ ਉੱਥੇ ਪਹੁੰਚ ਜਾਵਾਂਗੇ।''ਅਮ੍ਰਿਤਪਾਲ ਸਿੰਘ ਮਰਹੂਮ ਅਦਾਕਾਰ ਦੀਪ ਸਿੱਧੂ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਦੇ ਮੌਜੂਦਾ ਮੁਖੀ ਹਨ। ਉਹ ਐਤਵਾਰ ਨੂੰ ਮੋਗਾ ਦੇ ਪਿੰਡ ਬੁੱਧਸਿੰਘਵਾਲਾ ਵਿੱਚ ਦੀਪ ਸਿੱਧੂ ਦੇ ਪਹਿਲੇ ਬਰਸੀ ਸਮਾਗਮ ਵਿੱਚ ਪਹੁੰਚੇ ਸਨ।

ਸ਼ਨੀਵਾਰ ਨੂੰ ਪੰਜਾਬ ਪੁਲਿਸ ਨੇ ਇੱਕ ਸਿੱਖ ਨੌਜਵਾਨ ਦੀ ਕੁੱਟਮਾਰ ਦੇ ਮਾਮਲੇ ਵਿੱਚ ਅਮ੍ਰਿਤਪਾਲ ਦੇ ਸਾਥੀ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ।ਅਮ੍ਰਿਤਪਾਲ ਸਿੰਘ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਦੋ ਸਾਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਉਨ੍ਹਾਂ ਨੇ ਪੁਲਿਸ ਵੱਲੋਂ ਦਰਜ ਮਾਮਲੇ ਨੂੰ ਵੀ ਝੂਠਾ ਪਰਚਾ ਕਹਿ ਕੇ ਇਲਜ਼ਾਮਾਂ ਨੂੰ ਰੱਦ ਕਰ ਕਰ ਦਿੱਤਾ ਸੀ।ਸਾਥੀਆਂ ਦੀਆਂ ਗ੍ਰਿਫ਼ਤਾਰੀ ਤੋਂ ਬਾਅਦ ਅਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਲ਼ਈ ਛਾਪੇਮਾਰੀ ਕੀਤੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਸਨ।

ਪਰ ਉਹ ਆਪਣੇ ਪਿੰਡ ਜੱਲੂਪੁਰ ਵਿੱਚ ਹੀ ਸਨ ਅਤੇ ਉਨ੍ਹਾਂ ਸੋਸ਼ਲ ਮੀਡੀਆ ਉੱਤੇ ਵੀਡੀਓ ਪਾ ਕੇ ਪੁਲਿਸ ਨੂੰ ਚੁਣੌਤੀ ਦਿੱਤੀ ਸੀ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ।ਉਨ੍ਹਾਂ ਐਲਾਨ ਕੀਤਾ ਸੀ ਕਿ ਉਹ ਐਤਵਾਰ ਦੇ ਦੀਪ ਸਿੱਧੂ ਦੀ ਬਰਸੀ ਸਮਾਗਮ ਮੌਕੇ ਪਹੁੰਚ ਕੇ ਆਪਣੇ ਗ੍ਰਿਫ਼ਤਾਰ ਸਾਥੀਆਂ ਦੀ ਰਿਹਾਈ ਲ਼ਈ ਅਗਲੀ ਰਣਨੀਤੀ ਜਾ ਐਲਾਨ ਕਰਨਗੇ।

ਅਮ੍ਰਿਤਪਾਲ ਨੇ ਬੁਧ ਸਿੰਘ ਵਾਲਾ ਵਿਖੇ ਕਿਹਾ ਕਿ ਮੇਰੀ ਬੇਨਤੀ ਹੈ ਨੌਜਵਾਨਾਂ ਨੂੰ ਕਿ ਸ਼ਹਾਦਤ ਤੋਂ ਬਿਨਾਂ ਕੋਈ ਰਾਹ ਨਹੀਂ। ਮੈਂ ਇਹ ਨਹੀਂ ਕਹਿੰਦਾ ਕਿ ਹਿੰਸਾ ਕਰੋ, ਕਿਸੇ ਨੂੰ ਡਾਂਗ ਮਾਰੋ, ਮੈਂ ਨਹੀਂ ਕਹਿੰਦਾ ਕਿ ਹਥਿਆਰ ਚੁੱਕ ਕੇ ਕਿਸੇ ਨਿਰਦੋਸ਼ ਨੂੰ ਤੰਗ ਕਰੋ, ਪਰ ਮੈਂ ਇਹ ਵੀ ਕਹਿੰਦਾ ਹਾਂ, ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹਾਂ ਆਪਾ, ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹੋਣ ਦੇ ਨਾਤੇ ਜੇ ਕਿਸੇ ਨੂੰ ਤੰਗ ਨਹੀਂ ਕਰਦੇ, ਜੇ ਕਿਸੇ ਨੂੰ ਮਾਰਦੇ ਨਹੀਂ, ਤੇ ਕਿਸੇ ਕੋਲ਼ੋ ਮਾਰ ਖਾਣੀ, ਇਹ ਸਾਡੇ ਜੀਵਨ ਉੱਤੇ ਧ੍ਰਿਗ ਲਾਹਣਤ ਹੈ।ਮੈਂ ਪੰਥ ਲਈ ਕਿਸੇ ਨਾਲ ਵੀ ਤੁਰਨ ਲਈ ਤਿਆਰ ਹਾਂ। ਮੇਰਾ ਕਿਸੇ ਲਈ ਮਤਭੇਦ ਨਹੀਂ। ਮੈਂ ਕੋਈ ਜਾਇਦਾਦ ਇਕੱਠੀ ਨਹੀਂ ਕਰਨੀ ਹੈ, ਜੋ ਹੈ, ਉਹ ਵੀ ਪੰਥ ਦੇ ਲੇਖੇ ਲਾਵਾਂਗਾ। ਨਵੰਬਰ 2021 ਵਿੱਚ ਦੀਪ ਸਿੱਧੂ ਨਾਲ ਵਿਚਾਰ ਕਰਨ ਤੋਂ ਬਾਅਦ ਮੈਂ ਸਿੱਖੀ ਸਰੂਪ ਅਖਤਿਆਰ ਕਰ ਕੀਤਾ ਸੀ। ਜਦੋਂ ਮੈਂ ਆਇਆ ਸੀ ਏਅਰਪੋਰਟ ਉੱਤੇ ਹੀ ਨਵੀਆਂ ਪੁਰਾਣੀਆਂ ਏਜੰਸੀਆਂ ਨੇ ਲੰਬੀ ਪੁੱਛਗਿੱਛ ਕੀਤੀ ਕਿ ਕਿਉਂ ਆਏ ਹੋ।

ਦੀਪ ਸਿੱਧੂ ਦੇ ਪਰਿਵਾਰ ਨਾਲ ਮਤਭੇਦਾਂ ਬਾਰੇ, ਮੈਂ ਕਦੇ ਕਿਸੇ ਖ਼ਿਲਾਫ਼ ਕੋਈ ਸ਼ਬਦ ਨਹੀਂ ਕਿਹਾ, ਅੱਜ ਉਹ ਆਏ ਹਨ, ਮਤਭੇਦ ਇਕੱਠੇ ਨਾ ਬੈਠਣ ਨਾਲ ਪੈਦਾ ਹੁੰਦੇ ਹਨ। ਮੈਂ ਕਹਿੰਦਾ ਹਾਂ ਕਿ ਤੁਸੀਂ ''ਸ਼ਹੀਦ'' ਦਾ ਪਰਿਵਾਰ ਹੋ, ''ਸ਼ਹੀਦ'' ਦਾ ਪਰਿਵਾਰ ਅੱਧੀ ਜ਼ੁਬਾਨ ਨਾਲ ਜੋ ਹੁਕਮ ਲਾਵੇ ਸਾਨੂੰ ਪਰਵਾਨ ਹੋਵੇਗਾ।ਜੇਕਰ ਗਿਣਤੀ ਦੇ ਪੰਥਕ ਬੰਦਿਆਂ ਨੇ ਆਪਸ ਵਿੱਚ ਹੀ ਲੜਨਾ ਹੈ, ਤਾਂ ਇੱਕੋ ਦਿਨ ਮੈਦਾਨ ਚੁਣ ਲਓ। ਪਰ ਜੇਕਰ ਦਿੱਲੀ ਹਕੂਮਤ ਖ਼ਿਲਾਫ਼ ਲੜਨਾ ਹੈ ਤਾਂ ਸਾਰੇ ਇਕੱਠੇ ਹੋ ਕੇ ਲੜੀਏ, ਜਿਹੜੇ ਸਾਥ ਨਹੀਂ ਦੇਣਾ ਚਾਹੁੰਦੇ ਉਹ ਦੂਰ ਖੜ੍ਹ ਕੇ ਤਮਾਸ਼ਾ ਦੇਖਣ ਪਰ ਸਾਡੀਆਂ ਲੱਤਾਂ ਨਾਲ ਖਿੱਚਣ, ਮੈਂ ਸਤਿਗੁਰੂ ਦੀ ਹਜ਼ੂਰੀ ਵਿੱਚ ਖੜ੍ਹ ਕੇ ਕਹਿੰਦਾ ਹਾਂ ਕਿ ਮੈਂ ਕਿਸੇ ਨਾਲ ਮਤਭੇਦ ਨਹੀਂ ਰੱਖਾਂਗਾ।

ਦਮਦਮੀ ਟਕਸਾਲ ਦੇ ਸਾਬਕਾ ਮੁਖੀ ਠਾਕੁਰ ਸਿੰਘ ਖ਼ਿਲਾਫ਼ ਬਿਆਨ ਦੇਣ ਦੇ ਇਲਜ਼ਾਮਾਂ ਬਾਰੇ ਮੈਂ ਕਹਿੰਦਾ ਹਾਂ ਕਿ ਮੈਂ ਸੁਪਨੇ ਵਿੱਚ ਵੀ ਅਜਿਹਾ ਨਹੀਂ ਸੋਚ ਸਕਦਾ। ਟਕਸਾਲ ਨੇ ਉਨ੍ਹਾਂ ਦੀ ਅਗਵਾਈ ਤੱਕ ਹੀ ਕੰਮ ਕੀਤਾ ਹੈ, ਉਸ ਤੋਂ ਬਾਅਦ ਕਿਹੜਾ ਪ੍ਰਚਾਰ ਹੋਇਆ, ਕੀ ਇਸ ਦਾ ਪਤਾ ਨਹੀਂ ਹੈ। ਸਾਡੇ ਘਰ ਵਿੱਚ ਵੀ ਸਿੱਖੀ ਦਾ ਜਾਗ ਉਨ੍ਹਾਂ ਹੀ ਲਾਇਆ ਸੀ, ਮੇਰੇ ਦਾਦਾ-ਦਾਦੀ ਨੇ ਉਨ੍ਹਾਂ ਤੋਂ ਹੀ ਅੰਮ੍ਰਿਤ ਛਕਿਆ ਸੀ।ਮੈਂ ਕਹਿਣਾ ਚਾਹੁੰਦਾ ਕਿ ਕੱਲ ਸਾਡੇ ਦੋ ਸਾਥੀ ਗ੍ਰਿਫ਼ਤਾਰ ਕੀਤੇ ਗਏ ਹਨ, ਪ੍ਰਸਾਸ਼ਨ ਵੱਲੋਂ ਵੀ ਸੁਨੇਹਾ ਮਿਲਿਆ ਹੈ ਕਿ ਉਹ ਪਰਚੇ ਬਾਰੇ ਸੋਚ ਰਹੇ ਹਨ, ਮੈਂ ਪੰਥ ਨੂੰ ਬੇਲੋੜੇ ਸੰਘਰਸ਼ਾਂ ਵਿੱਚ ਨਹੀਂ ਪਾਉਣਾ ਚਾਹੁੰਦਾ, ਪਰ ਪ੍ਰਸਾਸ਼ਨ ਵੀ ਸਾਨੂੰ ਮਜਬੂਰ ਨਾਲ ਕਰੇ। ਮੈਂ ਨਹੀਂ ਚਾਹੁੰਦਾ ਕਿ ਅਸੀਂ ਥਾਣਿਆਂ ਦੇ ਘੇਰਾਓ ਕਰੀਏ, ਅਸੀਂ ਬੈਠ ਕੇ ਗੁਰਮਤਾ ਕਰਾਂਗੇ ਕਿ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਬਾਰੇ ਕੀ ਕਰਨਾ ਹੈ।ਕੋਈ ਵੀ ਦੁਨੀਆਂ ਦੀ ਤਾਕਤ ਸਿੱਖਾਂ ਨੂੰ ਅਜ਼ਾਦ ਸਿੱਖ ਰਾਜ ਪ੍ਰਾਪਤ ਕਰਨ ਤੋਂ, ਖਾਲਿਸਤਾਨ ਪ੍ਰਾਪਤ ਕਰਨ ਤੋਂ ਨਹੀਂ ਰੋਕ ਸਕਦੀ। ਸਾਡੀਆਂ ਨਸਲਾਂ ਦਰ ਨਸਲਾਂ ਲੜਨਗੀਆਂ, ਅਸੀਂ ਲੜਦੇ ਰਹਾਂਗੇ, ਅਸੀਂ ਸ਼ਹੀਦੀਆਂ ਦਿੰਦੇ ਰਹਾਂਗੇ। ਅਸੀਂ ਮਰ ਗਏ ਮਿਟ ਗਏ, ਖਾਲਸਾ ਫੇਰ ਕੱਖਾਂ ਵਿੱਚੋਂ ਪੈਦਾ ਹੋਵੇਗਾ। ਅਸੀਂ ਰਾਜ ਲਈ ਲੜਦੇ ਰਹਾਂਗੇ।

**ਦੀਪ ਸਿੱਧੂ ਦੀ ਪਹਿਲੀ ਬਰਸੀ**

ਮੋਗਾ ਦਾ ਪਿੰਡ ਬੁੱਧਸਿੰਘ ਵਾਲਾ ਖਾਲਿਸਤਾਨ ਲਹਿਰ ਦੇ ਮਰਹੂਮ ਆਗੂ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਦਾ ਪਿੰਡ ਹੈ।ਜਿੱਥੇ ਸਾਬਕਾ ਅਦਾਕਾਰ ਅਤੇ ਮਰਹੂਮ ਨੌਜਵਾਨ ਕਾਰਕੁਨ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਦੀ ਪਹਿਲੀ ਬਰਸੀ ਮੌਕੇ ਵੱਡਾ ਸਮਾਗਮ ਕੀਤਾ ਗਿਆ ਹੈ।

ਅੰਮ੍ਰਿਤਪਾਲ ਸਿੰਘ ਆਪਣੇ ਸਾਥੀਆਂ ਨਾਲ ਇੱਥੇ ਪਹੁੰਚੇ ਸਨ ਅਤੇ ਉਨ੍ਹਾਂ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ ਸਰਕਾਰ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਤੋਂ ਘਬਰਾਈ ਹੋਈ ਹੈ।

ਅੰਮ੍ਰਿਤਪਾਲ ਨੇ ਦਾਅਵਾ ਕੀਤਾ ਸੀ, ''ਭਾਈ ਸੰਦੀਪ ਸਿੰਘ ਉਰਫ਼ ਦੀਪ ਸਿੱਧੂ ਨੇ ਹਕੂਮਤ ਨਾਲ ਮੱਥਾ ਲਾਇਆ ਸੀ, ਇਸ ਲਈ ਉਨ੍ਹਾਂ ਨੂੰ ਇੱਕ ਸਾਜ਼ਿਸ਼ ਤਹਿਤ ਹਾਦਸੇ ਦੌਰਾਨ ਸ਼ਹੀਦ ਕਰ ਦਿੱਤਾ ਗਿਆ।

ਅੰਮ੍ਰਿਤਪਾਲ ਦਾ ਕਹਿਣਾ ਸੀ ਕਿ ਸਰਕਾਰਾਂ ਨੌਜਵਾਨਾਂ ਦੇ ਨਸ਼ੇ ਛੱਡ ਕੇ ਅੰਮ੍ਰਿਤ ਪਾਨ ਕਰਨ ਅਤੇ ਸ਼ਸ਼ਤਰਧਾਰੀ ਹੋਣ ਤੋਂ ਡਰ ਰਹੀਆਂ ਹਨ।ਅਮ੍ਰਿਤਪਾਲ ਨੇ ਕਿਹਾ ਸੀ, ''ਉਹ ਨੌਜਵਾਨਾਂ ਵਿੱਚ ਆ ਰਹੇ ਬਦਲਾਅ ਤੋਂ ਘਬਰਾਉਂਦੇ ਹਨ, ਮੇਰੇ ਤੋਂ ਨਹੀਂ, ਮੈਂ ਤਾਂ ਹੱਡ-ਮਾਸ ਦਾ ਹੀ, ਉਨ੍ਹਾਂ ਵਰਗਾ ਨੌਜਵਾਨ ਹਾਂ।''

ਸਰਕਾਰਾਂ ਨੇ ਸਾਡੇ ਰਾਹ ਰੋਕਣੇ ਹੀ ਹੁੰਦੇ ਹਨ, ਇੰਦਰਾ ਗਾਂਧੀ ਨੇ ਵੀ ਇੰਞ ਹੀ ਕੀਤਾ ਸੀ। ਉਸ ਤੋਂ ਬਾਅਦ ਨੌਜਵਾਨਾਂ ਨੇ ਜਾਗਰੂਕ ਹੋ ਕੇ ਕਿਵੇਂ ☞


GOLDEN STAR PAINTING

ਸਾਨੂੰ ਵਰਕਰਾਂ ਦੀ ਲੋੜ ਹੈ

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750



TMG LOGISTICS INC.

Need Owner Operators

NOW HIRING

*Vancouver to California *California to Alberta Back Vancouver

*Vancouver to East USA Return

Good Paying Loads



Need Company Drivers

*Single Driver Pay 52cents/mile*

*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਲੱਦਾਖ ਦੇ ਲੋਕਾਂ ਨੇ ਦਿੱਲੀ ਵਿਚ ਕੀਤਾ ਪ੍ਰਦਰਸ਼ਨ




ਨਵੀਂ ਦਿੱਲੀ- ਲੱਦਾਖ ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਨਵੀਂ ਦਿੱਲੀ ਵਿੱਚ ਧਰਨਾ ਦਿੱਤਾ। ਲੱਦਾਖ ਦੀਆਂ ਦੋ ਫਰੰਟਲ ਸੰਸਥਾਵਾਂ, ਕਾਰਗਿਲ ਡੈਮੋਕ੍ਰੇਟਿਕ ਅਲਾਇੰਸ ਅਤੇ ਲੇਹ ਐਪੈਕਸ ਬਾਡੀ ਦੇ ਨੇਤਾਵਾਂ ਤੋਂ ਇਲਾਵਾ, ਬਹੁਤ ਸਾਰੇ ਵਿਦਿਆਰਥੀ ਅਤੇ ਆਮ ਲੱਦਾਖੀਆਂ ਨੇ ਵੀ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਹੋਏ, ਜੋ ਕਿ ਦਿੱਲੀ ਦੇ ਜੰਤਰ-ਮੰਤਰ 'ਤੇ ਆਯੋਜਿਤ ਕੀਤਾ ਗਿਆ ਸੀ। ਪ੍ਰਦਰਸ਼ਨ ਦਾ ਮਕਸਦ ਆਪਣੀਆਂ ਚਾਰ ਮੰਗਾਂ ਲਈ ਸੀ ਜਿਸ ਵਿੱਚ ਪੂਰਨ ਰਾਜ ਦਾ ਦਰਜਾ, ਭਾਰਤੀ ਸੰਵਿਧਾਨ ਦੇ ਤਹਿਤ ਛੇਵੀਂ ਅਨੁਸੂਚੀ, ਨੌਕਰੀ ਵਿੱਚ ਰਾਖਵਾਂਕਰਨ, ਲੱਦਾਖ ਲਈ ਇੱਕ ਵੱਖਰਾ ਲੋਕ ਸੇਵਾ ਕਮਿਸ਼ਨ ਅਤੇ ਲੇਹ ਅਤੇ ਕਾਰਗਿਲ ਲਈ ਦੋ ਸੰਸਦੀ ਸੀਟਾਂ ਸ਼ਾਮਲ ਹਨ। ਇਸ ਮੌਕੇ ਧਰਨਾਕਾਰੀਆਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਕਿਹਾ, "ਚਾਰ ਸਾਲ ਹੋ ਗਏ ਹਨ ਅਤੇ ਅਸੀਂ ਲੱਦਾਖ ਵਿੱਚ ਕੋਈ ਵਿਕਾਸ ਹੁੰਦਾ ਨਹੀਂ ਦੇਖਿਆ। ਜਿਵੇਂ ਕਿ ਯੂਟੀ ਬਣਨ ਵੇਲੇ ਸਾਡੇ ਨਾਲ ਵਿਕਾਸ ਦਾ ਵਾਅਦਾ ਕੀਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਲੱਦਾਖ ਪ੍ਰਤੀ ਭਾਰਤ ਸਰਕਾਰ ਦੀ ਬੇਰੁਖ਼ੀ ਨੇ ਉਨ੍ਹਾਂ ਨੂੰ ਨਵੀਂ ਦਿੱਲੀ ਪਹੁੰਚਣ ਲਈ ਮਜ਼ਬੂਰ ਕੀਤਾ ਕਿਉਂਕਿ ਸਥਾਨਕ ਲੋਕਾਂ ਲਈ ਵਿਕਾਸ ਅਤੇ ਸੁਰੱਖਿਆ ਅਤੇ ਰਾਖਵੇਂਕਰਨ ਦੀ ਉਨ੍ਹਾਂ ਨੂੰ ਉਮੀਦ ਸੀ। ਉਨ੍ਹਾਂ ਨੇ ਕਿਹਾ ਕਿ ਉਹ ਆਪਣੀ ਸੱਭਿਆਚਾਰਕ ਪਛਾਣ, ਰਾਜਨੀਤਿਕ ਪ੍ਰਤੀਨਿਧਤਾ ਦੇ ਨਾਲ-ਨਾਲ ਨੌਕਰੀ ਦੀ ਸੁਰੱਖਿਆ ਬਾਰੇ ਚਿੰਤਤ ਸਨ, ਉਨ੍ਹਾਂ ਕਿਹਾ ਕਿ ਨਵੀਂ ਦਿੱਲੀ ਦੁਆਰਾ ਨਿਯੁਕਤ ਉਪ ਰਾਜਪਾਲ ਅਤੇ ਕੁਝ ਹੋਰ ਨੌਕਰਸ਼ਾਹ ਉਨ੍ਹਾਂ ਦੇ ਭਵਿੱਖ ਦਾ ਫੈਸਲਾ ਨਹੀਂ ਕਰ ਸਕਦੇ। ਅਸੀਂ ਚਾਹੁੰਦੇ ਹਾਂ ਕਿ ਲੱਦਾਖ ਵਿੱਚ ਲੋਕਤੰਤਰ ਬਹਾਲ ਹੋਵੇ। ਕੇਡੀਏ ਨੇਤਾ ਅਸਗਰ ਅਲੀ ਕਰਬਲਾਈ ਨੇ ਕਿਹਾ ਕਿ ਲੱਦਾਖ ਲਈ ਰਾਜ ਦਾ ਦਰਜਾ ਮਹੱਤਵਪੂਰਨ ਹੈ ਕਿਉਂਕਿ ਇਹ ਇੱਕ ਸੰਵੇਦਨਸ਼ੀਲ ਖੇਤਰ ਹੈ ਜੋ ਪਾਕਿਸਤਾਨ ਅਤੇ ਚੀਨ ਦੋਵਾਂ ਨਾਲ ਸਰਹੱਦਾਂ ਸਾਂਝਾ ਕਰਦਾ ਹੈ। ਜੇ ਸਿੱਕਮ ਨੂੰ ਰਾਜ ਦਾ ਦਰਜਾ ਮਿਲ ਸਕਦਾ ਹੈ, ਤਾਂ ਲੱਦਾਖ ਨੂੰ ਕਿਉਂ ਨਹੀਂ।

T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ, ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ
604-607-0333

## ਭਾਰਤ ਦੀ ਵਧ ਰਹੀ ਆਬਾਦੀ 'ਟਾਈਮ ਬੰਬ':ਤੋਗੜੀਆ

ਰਾਏਪੁਰ:-ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਾਬਕਾ ਆਗੂ ਪ੍ਰਵੀਨ ਤੋਗੜੀਆ ਨੇ ਦੇਸ਼ ਦੀ ਵਧ ਰਹੀ ਆਬਾਦੀ ਨੂੰ 'ਟਾਈਮ ਬੰਬ' ਕਰਾਰ ਦਿੰਦਿਆਂ ਇਸ ਨੂੰ ਵਿਸਫੋਟ ਹੋਣ ਤੋਂ ਰੋਕਣ ਅਤੇ ਇਸ ਦੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਕਾਨੂੰਨ ਬਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਗਲੇ ਸਾਲ ਹੋਣ ਵਾਲੀਆਂ ਸੰਸਦੀ ਚੋਣਾਂ ਤੋਂ ਪਹਿਲਾਂ ਆਬਾਦੀ 'ਤੇ ਕਾਬੂ ਪਾਉਣ ਅਤੇ ਯੂਨੀਫਾਰਮ ਸਿਵਲ ਕੋਡ ਲਈ ਕਾਨੂੰਨ ਲੈ ਕੇ ਆਉਣਗੇ।

☞ ਜਵਾਬ ਦਿੱਤਾ ਸੀ, ਇਹ ਵੀ ਸਭ ਦੇ ਸਾਹਮਣੇ ਹੈ।''ਜੇਕਰ ਸਰਕਾਰ ਨੇ ਸਾਨੂੰ ਗ੍ਰਿਫ਼ਤਾਰ ਕਰਨਾ ਹੈ ਤਾਂ ਦੱਸੇ ਅਸੀਂ ਆਪ ਅੱਗੇ ਜਾਵਾਂਗੇ। ਜੇਕਰ ਜੇਲ੍ਹ ਵਿੱਚ ਅੰਮ੍ਰਿਤ ਸੰਚਾਰ ਦੀ ਲੋੜ ਹੈ ਤਾਂ ਅਸੀਂ ਉੱਥੇ ਜਾ ਕੇ ਵੀ ਕਰਵਾਂਗੇ।''ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਸੀ ਕਿ ਸਿੱਖ ਕੌਮ ਨੂੰ ਅੱਜ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਤੇ ਸਿੱਖਾਂ ਨੂੰ ਜੇਲ੍ਹਾਂ 'ਚ ਬੰਦ ਰੱਖਣ ਵਾਲੇ ਦੁਸ਼ਮਣਾਂ ਦੀ ਪਛਾਣ ਕਰਨ ਦੀ ਲੋੜ ਹੈ। ਮਨਦੀਪ ਸਿੰਘ ਨੇ ਕਿਹਾ ਸੀ ਕਿ ਸਿੱਖਾਂ ਨੂੰ ਅੱਜ ਆਪਣੇ ਨਿੱਜੀ ਗਿਲੇ ਸ਼ਿਕਵੇ ਦੂਰ ਕਰਕੇ ਕੌਮ ਅਤੇ ਪੰਥਕ ਹਿੱਤਾਂ ਲਈ ਲੜਨਾ ਪਵੇਗਾ। ਇਸ ਮੌਕੇ ਪਿੰਡ ਬੁੱਧ ਸਿੰਘ ਵਾਲਾ ਵਿਖੇ ਬਠਿੰਡਾ-ਅੰਮ੍ਰਿਤਸਰ ਸਟੇਟ ਹਾਈਵੇਅ ਉੱਪਰ ਇਕ ਗੇਟ ਦਾ ਉਦਘਾਟਨ 'ਵਾਰਿਸ ਪੰਜਾਬ ਦੇ' ਜਥੇਬੰਦੀ ਪ੍ਰਧਾਨ ਅਮ੍ਰਿਤਪਾਲ ਸਿੰਘ ਨੇ ਕੀਤਾ।

ਇਸ ਗੇਟ ਉੱਪਰ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੋਂ ਇਲਾਵਾ ਦੀਪ ਸਿੱਧੂ ਸਮੇਤ ਕਈ ਮਰਹੂਮ ਸਿੱਖ ਆਗੂਆਂ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ। ਇਸ ਮੌਕੇ ਸਿੱਖੀ ਇਤਿਹਾਸ, ਸਿਆਸੀ ਲਹਿਰਾਂ ਅਤੇ ਹੋਰ ਸਬੰਧਤ ਸਾਹਿਤ ਦੀਆਂ ਸਟਾਲਾਂ ਲਗਾਈਆ ਗਈਆਂ ਸਨ ਅਤੇ ਸਿੱਖ ਲਹਿਰ ਨਾਲ ਜੁੜੇ ਰਹੇ ਲੋਕਾਂ ਦੀਆਂ ਤਸਵੀਰਾਂ ਵੀ ਵੇਚੀਆਂ ਜਾ ਰਹੀਆਂ ਸਨ। ਇਹ ਬਰਸੀ ਸਮਾਗਮ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਆਗੂ ਰਹੇ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੇ ਪਿੰਡ ਵਿਚ ਰੱਖਿਆ ਗਿਆ ਸੀ।

Open 24 Hours 7 Days a Week

ATLAS
ANIMAL HOSPITAL






- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਉੱਤਰ ਪ੍ਰਦੇਸ਼ ਵਿਚ ਹਿੰਦੂਤਵੀਆਂ ਨੇ ਮਸਜਿਦ ਵਿਚ ਭੰਨਤੋੜ ਕੀਤੀ



ਉੱਤਰ ਪ੍ਰਦੇਸ਼- ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਵਿੱਚ ਹਿੰਦੂ ਸੱਜੇ ਪੱਖੀ ਜਥੇਬੰਦੀਆਂ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੈਂਬਰਾਂ ਨੇ ਇੱਕ ਨਿਰਮਾਣ ਅਧੀਨ ਮਸਜਿਦ ਵਿੱਚ ਭੰਨ-ਤੋੜ ਕੀਤੀ ਅਤੇ ਪੁਲਿਸ ਕਰਮਚਾਰੀ ਮੂਕ ਦਰਸ਼ਕ ਬਣ ਕੇ ਦੇਖਦੇ ਰਹੇ। ਹਿੰਸਕ ਭੀੜ ਨੇ ਆਪਣੀਆਂ ਬਾਈਕ ਸੜਕ ਦੇ ਵਿਚਕਾਰ ਖੜ੍ਹੀਆਂ ਕਰ ਦਿੱਤੀਆਂ ਅਤੇ ਮਸਜਿਦ ਦੀ ਉਸਾਰੀ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਆਵਾਜਾਈ ਵਿਚ ਵੀ ਰੁਕਾਵਟ ਆਈ। ਸੂਚਨਾ ਮਿਲਣ ‘ਤੇ ਪੁਲਿਸ ਨੇ ਮੌਕੇ ‘ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪਰ ਪੁਲਿਸ ਦੋਸ਼ੀਆਂ ਨੂੰ ਕਾਬੂ ਕਰਨ ਦੀ ਬਜਾਏ ਸੱਜੇ ਪੱਖੀ ਗੁੱਟ ਦੀਆਂ ਕਾਰਵਾਈਆਂ ਦੇਖਦੇ ਰਹੇ। ਹਿੰਦੂਤਵੀਆਂ ਨੇ ਲਗਭਗ 30 ਮਿੰਟ ਤੱਕ ਭੰਨਤੋੜ ਕੀਤੀ।

# ਓਵਾਇਸੀ ਦੀ ਦਿੱਲੀ ਰਿਹਾਇਸ਼ ’ਤੇ ਪਥਰਾਅ

ਦਿੱਲੀ:ਮੁਸਲਿਮ ਆਗੂ ਅਸਦੂਦੀਨ ਓਵਾਇਸੀ ਨੇ ਅੱਜ ਦੋਸ਼ ਲਾਇਆ ਕਿ ਉਨ੍ਹਾਂ ਦੀ ਕੌਮੀ ਰਾਜਧਾਨੀ ਸਥਿਤ ਰਿਹਾਇਸ਼ ’ਤੇ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਨ 2014 ਤੋਂ ਬਾਅਦ ਚੌਥੀ ਅਜਿਹੀ ਘਟਨਾ ਵਾਪਰੀ ਹੈ। ਆਲ ਇੰਡੀਆ ਮਜਲਿਸ-ਏ-ਇਤਿਹਾਦੁਲ ਮੁਸਲਮੀਨ ਦੇ ਆਗੂ ਨੇ ਕਿਹਾ ਕਿ ਇਸ ਘਟਨਾ ਸਬੰਧੀ ਉਨ੍ਹਾਂ ਦਿੱਲੀ ਪੁਲੀਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਉਨ੍ਹਾਂ ਟਵੀਟ ਕਰਦਿਆਂ ਕਿਹਾ,‘ਮੇਰੀ ਦਿੱਲੀ ਸਥਿਤ ਰਿਹਾਇਸ਼ ’ਤੇ ਮੁੜ ਹਮਲਾ ਕੀਤਾ ਗਿਆ ਹੈ। ਇਹ 2014 ਤੋਂ ਬਾਅਦ ਚੌਥੀ ਵਾਰ ਹੋਇਆ ਹੈ। ਦਿੱਲੀ ਪੁਲੀਸ, ਮੁਲਜ਼ਮਾਂ ਨੂੰ ਛੇਤੀ ਕਾਬੂ ਕਰੇ।’ ਉਨ੍ਹਾਂ ਇਸ ਸਬੰਧੀ ਪੁਲੀਸ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਦਿੱਲੀ ਕਮਿਸ਼ਨਰ ਆਫ ਪੁਲੀਸ (ਨਵੀਂ ਦਿੱਲੀ) ਪ੍ਰਣਵ ਤਾਇਲ ਨੇ ਸ਼ਿਕਾਇਤ ਆਉਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


AujLawZ Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323



So Easy
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ
◆ ਆਟੋਮੈਟਿਕ ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
◆ ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
◆ ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ





ਅਸੀਂ ਸਿਟੀਜ਼ਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ
LUCKY'S A to Z DRIVING SCHOOL
Lucky 604-614-5365
Unit 15 - 8388 128 St., Surrey



GURUDHAM TOUR & TRAVEL
#201-8035-120St, Delta, BC Web:www.gurudhamtour.ca
12 ਦਿਨਾਂ ਦੀ ਪੰਜ ਤਖਤ ਸਾਹਿਬ ਅਤੇ ਇਤਿਹਾਸਿਕ ਗੁਰਦੁਆਰਿਆਂ ਦੀ ਯਾਤਰਾ

ਪੰਜ ਤਖਤ ਸਾਹਿਬ ਜੀ
1. ਅਕਾਲ ਤਖਤ ਸਾਹਿਬ ਜੀ 2. ਕੇਸਗੜ ਸਾਹਿਬ ਜੀ
3. ਦਮਦਮਾ ਸਾਹਿਬ ਜੀ 4. ਪਟਨਾ ਸਾਹਿਬ ਜੀ 5. ਹਜੂਰ ਸਾਹਿਬ ਜੀ
ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ, ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਬਾਬਾ ਬੁੱਢਾ ਸਾਹਿਬ ਜੀ, ਤਰਨਤਾਰਨ ਸਾਹਿਬ ਜੀ, ਗੋਇੰਦਵਾਲ ਸਾਹਿਬ ਜੀ, ਸੁਲਤਾਨਪੁਰ ਲੋਧੀ ਸਾਹਿਬ ਜੀ, ਮੁਕਤਸਰ ਸਾਹਿਬ ਜੀ, ਤਲਵੰਡੀ ਸਾਬੋ ਜੀ, ਨਾਨਕਸਰ ਸਾਹਿਬ ਜੀ ਲੁਧਿਆਣਾ, ਮਾਛੀਵਾੜਾ ਸਾਹਿਬ ਜੀ, ਚਮਕੌਰ ਸਾਹਿਬ ਜੀ, ਦਸਤਾਨ-ਏ-ਸ਼ਹਾਦਤ, ਕੀਰਤਪੁਰ ਸਾਹਿਬ ਜੀ, ਅਨੰਦਪੁਰ ਸਾਹਿਬ ਜੀ, ਗੁ. ਬਾਬਾ ਗੁਰਦਿੱਤਾ ਸਾਹਿਬ ਜੀ, ਗੁ. ਪੀਰ ਬੁੱਧੂ ਸ਼ਾਹ ਜੀ, ਵਿਰਾਸਤ ਏ ਖਾਲਸਾ, ਫਤਹਿਗੜ੍ਹ ਸਾਹਿਬ ਜੀ, ਸਰਹੰਦ, ਦੁਖ ਨਿਵਾਰਨ ਸਾਹਿਬ ਜੀ ਪਟਿਆਲਾ, ਚੰਡੀਗੜ੍ਹ, ਪਟਨਾ ਸਾਹਿਬ ਜੀ, ਹਜੂਰ ਸਾਹਿਬ ਜੀ
ਯਾਤਰਾ ਦੀਆਂ ਸਹੂਲਤਾਂ
*ਸਾਰੀ ਯਾਤਰਾ ਵਿਚ ਵੋਲਵੋ ਬੱਸਾਂ ਦਾ ਸਫਰ(Wi-Fi ਨਾਲ) * 24 ਘੰਟੇ ਡਾਕਟਰ ਦਾ ਸਾਥ ਦਵਾਈਆਂ ਦੇ ਨਾਲ
*24 ਘੰਟੇ ਸਕਿਓਰਟੀ ਦੀ ਸਹਾਇਤਾ *ਸਮਾਨ ਚੁੱਕਣ ਦੀ ਸਹਾਇਤਾ *ਵੈਜੀਟੇਰੀਅਨ ਭੋਜਨ ਅਤੇ ਫਲ
*ਵੈਬਸਾਈਟ ਤੋਂ ਸਿੱਧਾ ਗੁਰਬਾਣੀ ਕੀਰਤਨ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ
*ਰਾਤ ਨੂੰ ਵਧੀਆ ਹੋਟਲ ਜਾਂ ਗੁਰਦੁਆਰੇ ਦੀ ਚੰਗੀ ਸਰਾਂ ਵਿਚ ਰੁਕਣ ਦੀ ਮਰਜੀ
ਨੋਟ:ਪਟਨਾ ਸਾਹਿਬ ਅਤੇ ਹਜੂਰ ਸਾਹਿਬ ਨੂੰ ਹਵਾਈ ਯਾਤਰਾ ਹੋਵੇਗੀ
Facility in the Tour
*Volvo Buses(with Wi-Fi) *24X7 Days Doctor with Medicine *24X7 Days Security
*Helpers For Luggage *Vegetarian Meal with fruit
*Option for stay in Luxury Hotel or Gurdwara Sahib Saran
*Website Live Kirtan from Darbar Sahib Amritsar,
*Patna Sahib & Hazur Sahib Yatra (By Air)
For more Information Call: 778-792-4909
604-614-4565, 604-782-3620
Email:info@gurudhamtour.ca
or gurudhamtour@gmail.com

# ਮਹਾਨ ਸੰਗੀਤ ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਜੀ

ਦੁਨੀਆਂ ਹਮੇਸ਼ਾ ਗੁਣੀ ਮਨੁੱਖਾਂ ਦੀ ਮਹਿਮਾ ਗਾਉਂਦੀ ਹੈ।ਜੋ ਲੋਕ ਪ੍ਰਤੀਕੂਲ ਹਾਲਾਤਾਂ ਤੋਂ ਪਾਰ ਜਾ ਕੇ ਗੁਣਾਂ ਨੂੰ ਖੋਜਦੇ, ਸਾਂਭਦੇ ਅਤੇ ਵੰਡਦੇ ਹਨ,ਉਹ ਸਮੁੱਚੇ ਵਿਸ਼ਵ ਭਰ ਵਿੱਚ ਸਤਿਕਾਰ ਦੇ ਪਾਤਰ ਬਣਦੇ ਹਨ।

ਉਸਤਾਦ ਰਾਗੀ ਜਸਵੰਤ ਸਿੰਘ ਤੀਬਰ (ਕੁਲਾਰ)ਜੀ ਦਾ ਜਨਮ ਮਿਤੀ 10 ਜੁਲਾਈ 1913 ਨੂੰ ਪਿੰਡ ਕੁਲਾਰ (ਲੁਧਿਆਣਾ) ਵਿਖੇ ਮਾਤਾ ਰਾਜ ਕੌਰ ਦੀ ਕੁੱਖੋਂ ਪਿਤਾ ਸ:ਕੇਹਰ ਸਿੰਘ ਜੀ ਦੇ ਘਰ ਹੋਇਆ। ਬਚਪਨ ਵਿੱਚ ਹੀ ਚੇਚਕ ਦੀ ਬਿਮਾਰੀ ਕਾਰਨ ਆਪ ਜੀ ਦੀਆਂ ਅੱਖਾਂ ਦੀ ਜੋਤ ਚਲੀ ਗਈ ਸੀ।

ਮੁੱਢਲੀ ਵਿੱਦਿਆ ਦੇ ਤੌਰ ਤੇ ਆਪ ਜੀ ਨੇ ਪਿੰਡ ਦੇ ਗ੍ਰੰਥੀ ਭਾਈ ਪੂਰਨ ਸਿੰਘ ਜੀ ਕੋਲ਼ੋਂ ਨਿੱਤਨੇਮ ਦੀਆਂ ਬਾਣੀਆਂ ਅਤੇ ਗੁਰਬਾਣੀ ਦੇ ਸ਼ਬਦਾਂ ਦੀ ਸਿੱਖਿਆ ਹਾਸਲ ਕੀਤੀ। ਗਿਆਰਾਂ ਸਾਲ ਦੀ ਉਮਰ ਵਿੱਚ ਰਾਗ ਵਿੱਦਿਆ ਦੀ ਪ੍ਰਸਿੱਧ ਟਕਸਾਲ ਦੌਧਰ ਵਿਖੇ ਸੰਗੀਤ ਵਿੱਦਿਆ ਹਾਸਲ ਕਰਨ ਲਈ ਦਾਖ਼ਲ ਹੋਏ।ਦੌਧਰ ਵਿਖੇ ਆਪ ਜੀ ਨੇ ਸੰਨ 1924 ਤੋਂ 1939 ਤੱਕ ਸੰਗੀਤ ਵਿੱਦਿਆ ਦਾ ਗਿਆਨ ਹਾਸਲ ਕੀਤਾ।ਇਸ ਉਪਰੰਤ ਆਪ ਪ੍ਰਸਿੱਧ ਉਸਤਾਦ ਪੰਡਤ ਨੱਥੂ ਰਾਮ ਜੀ ਕੋਲ਼ ਤਰਨਤਾਰਨ ਚਲੇ ਗਏ,ਜਿੱਥੇ ਰਾਗ ਵਿੱਦਿਆ ਪ੍ਰਾਪਤ ਕੀਤੀ।ਉਸ ਤੋਂ ਬਾਅਦ ਆਪ ਨੇ ਚੱਕ ਨੰਬਰ ਵੀਹ ਮਿੰਟਗੁਮਰੀ (ਅੱਜਕੱਲ੍ਹ ਪਾਕਿਸਤਾਨ) ਵਿਖੇ ਰਾਗ ਵਿੱਦਿਆ ਦੇ ਮੰਨੇ- ਪ੍ਰਮੰਨੇ ਉਸਤਾਦ ਝੰਡੇ ਖ਼ਾਨ ਜੀ ਦੀ ਸ਼ਾਗਿਰਦ ਵਿੱਚ ਰਹਿ ਕੇ ਵਿੱਦਿਆ ਹਾਸਲ ਕੀਤੀ।

ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਜੀ ਉਨ੍ਹਾਂ ਮਹਾਨ ਗੁਣਾਂ ਦੇ ਧਾਰਨੀ ਸਨ ਜਿਹਨਾਂ ਸਦਕਾ ਆਪ ਜੀ ਦੀ ਸ਼ੋਭਾ ਇਲਾਕੇ ਵਿੱਚ ਹੀ ਨਹੀਂ ਸਗੋਂ ਦੇਸ਼ਾਂ - ਵਿਦੇਸ਼ਾਂ ਵਿੱਚ ਸਭਨੀ ਥਾਂਈਂ ਹੁੰਦੀ ਹੈ ਅਤੇ ਹੁੰਦੀ ਰਹੇਗੀ।


ਮਨੁੱਖੀ ਫ਼ਿਤਰਤ ਹੈ ਕਿ ਉਹ ਬਹੁਤ ਸਾਰੀਆਂ ਸਹੂਲਤਾਂ ਹੋਣ ਦੇ ਬਾਵਜੂਦ, ਰਿਸ਼ਟ-ਪੁਸ਼ਟ, ਤੰਦਰੁਸਤ ਹੋਣ ਦੇ ਬਾਵਜੂਦ ਹਮੇਸ਼ਾ ਸ਼ਿਕਾਇਤਾਂ ਹੀ ਕਰਦਾ ਰਹਿੰਦਾ ਹੈ ਕਿ ਮੇਰੇ ਕੋਲ਼ ਆਹ - ਆਹ ਕਮੀਆਂ ਹਨ।ਪਰ ਉਸਤਾਦ ਜੀ ਦੇ ਜੀਵਨ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਅੱਖੀਆਂ ਦੀ ਜੋਤ ਤੋਂ ਵਿਹੂਣੇ ਹੋਣ ਦੇ ਬਾਵਜੂਦ ਸੰਗੀਤ ਦੇ ਖ਼ੇਤਰ ਵਿੱਚ ਜੋ ਲਾਮਿਸਾਲ ਕਾਰਜ ਕੀਤੇ ਹਨ, ਉਨ੍ਹਾਂ ਦਾ ਕੋਈ ਸਾਨੀ ਹੀ ਨਹੀਂ।

ਅਕਸਰ ਇਹ ਹੁੰਦਾ ਹੈ ਕਿ ਮਨੁੱਖ ਆਪਣੀ ਸਰੀਰਕ ਹੀਣਤਾ ਕਾਰਨ ਕੇਵਲ ਨਿੱਜੀ ਗੁਣਾਂ ਦਾ ਧਾਰਨੀ ਤਾਂ ਬਣ ਜਾਂਦਾ ਹੈ, ਪ੍ਰੰਤੂ ਦੂਜਿਆਂ ਖ਼ਾਤਰ ਉਹ ਕੁੱਝ ਨਹੀਂ ਕਰਦਾ ।ਪ੍ਰੰਤੂ ਇਸ ਮਾਮਲੇ ਵਿੱਚ ਵੀ ਉਸਤਾਦ ਜੀ ਦੀ ਘਾਲਣਾ ਅੱਗੇ ਵਾਰ- ਵਾਰ ਸੀਸ ਝੁਕਦਾ ਹੈ ਕਿ ਆਪ ਸੰਗੀਤਕ ਗੁਣਾਂ ਨੂੰ ਹਾਸਲ ਕਰਕੇ ਸੰਗੀਤ ਦੀ ਇਸ ਖ਼ੁਸ਼ਬੋਈ ਨੂੰ ਚਾਰੇ ਪਾਸੇ ਵੰਡਿਆ ਅਤੇ ਫ਼ੈਲਾਇਆ। ਉਨ੍ਹਾਂ ਸਮਿਆਂ ਵਿੱਚ ਜਦੋਂ ਅਵਾਜਾਈ ਦੇ ਸਾਧਨ ਸੀਮਤ ਸਨ, ਉਸਤਾਦ ਜੀ ਐਡਾ ਮਹਾਨ ਕਾਰਜ ਕਰਦੇ ਰਹੇ,ਜਿਸ ਬਾਰੇ ਲਿਖਦਿਆਂ ਕਲਮ ਸ਼ਬਦਾਂ ਦੀ ਘਾਟ ਮਹਿਸੂਸ ਕਰਦੀ ਹੈ।

ਆਪ ਜੀ ਦੁਆਰਾ ਸੰਗੀਤ ਦੇ ਲੜ ਲਾਏ ਗਏ ਆਪ ਜੀ ਦੇ ਸ਼ਿਸ਼/ਵਿਦਿਆਰਥੀ ਅੱਜ ਪੂਰੇ ਵਿਸ਼ਵ ਵਿੱਚ ਸੰਗੀਤ ਦਾ ਰਸ ਫੈਲਾ ਰਹੇ ਹਨ।ਆਪ ਆਰਥਕ ਮਜਬੂਰੀਆਂ,ਜੋਤ ਵਿਹੂਣੇ ਨੇਤਰਾਂ ਅਤੇ ਆਵਾਜਾਈ ਦੇ ਸਾਧਨਾਂ ਦੀ ਕਮੀਂ ਆਦਿ ਵਰਗੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਨਾ ਕੇਵਲ ਪੰਜਾਬ, ਭਾਰਤ ਵਿੱਚ ਸਗੋਂ ਵਿਦੇਸ਼ਾਂ ਦੀ ਧਰਤੀ ਤੇ ਵੀ ਸੰਗੀਤ ਸਾਗਰ ਦੀਆਂ ਫ਼ੁਹਾਰਾਂ ਛਿੜਕਦੇ ਰਹੇ।

ਆਪ ਜੀ ਦੇ ਵਿਦਿਆਰਥੀ ਦੱਸਦੇ ਹਨ ਕਿ ਉਸਤਾਦ ਜੀ ਸੰਗੀਤ ਦੀ ਜਮਾਤ ਦੇ ਦੌਰਾਨ ਵਿਦਿਆਰਥੀਆਂ ਅੰਦਰ ਸੰਪੂਰਨ ਅਨੁਸ਼ਾਸਨ ਕਾਇਮ ਰੱਖਦਿਆਂ ਉਨ੍ਹਾਂ ਨੂੰ ਨਵੀਆਂ ਤੋਂ ਨਵੀਆਂ ਸੰਗੀਤਕ ਤਾਨਾਂ ਦਾ ਗਿਆਨ ਕਰਵਾਉਂਦੇ ਅਤੇ ਵਿਦਿਆਰਥੀਆਂ ਨਾਲ ਆਪਣੇ ਸੰਤਾਨ ਵਰਗਾ ਲਗਾਓ ਰੱਖਦੇ ਸਨ।ਆਪ ਜੀ ਨੇ ਮਿੰਟਗੁਮਰੀ, ਮਾਨਪੁਰ ਖੰਟ, ਪਟਿਆਲਾ, ਚੂਹੜਕਾਣਾ, ਹੇਰਾਂ, ਪਿੰਡ ਦੁਲਏ, ਸਮਰਾਲਾ, ਕਲਕੱਤਾ, ਮਸਤੂਆਣਾ ਸਾਹਿਬ ,ਸੰਗਰੂਰ, ਬੋਪਾਰਾਏ, ਮੁੱਲਾਂਪੁਰ ,ਚੌਂਕ ਮਹਿਤਾ ਅਤੇ ਸਿੰਗਾਪੁਰ ਵਿਖੇ ਅਣਗਿਣਤ ਵਿਦਿਆਰਥੀਆਂ ਨੂੰ ਸੰਗੀਤਕ ਦਾਤਾਂ ਬਖਸ਼ੀਆਂ।ਆਪ ਜੀ ਹਰਮੋਨੀਅਮ ਦੇ ਇਲਾਵਾ ਤਬਲਾ, ਸਰੰਦਾ, ਤਾਊਸ ,ਜਲ ਤਰੰਗ ਅਤੇ ਹੋਰ ਅਨੇਕਾਂ ਸਾਜ਼ਾਂ ਦੀ ਗਿਆਤਾ ਸਨ।

ਉਸਤਾਦ ਜੀ ਜਿੱਥੇ ਸੰਗੀਤਕ ਗੁਣਾਂ ਦੇ ਖ਼ਜ਼ਾਨੇ ਸਨ ਓਥੇ ਉੱਚ ਇਖ਼ਲਾਕੀ ਗੁਣਾਂ ਨਾਲ ਵੀ ਸਰਸ਼ਾਰ ਸਨ। ਆਪ ਜੀ ਨੇ ਜਿਥੇ ਅਣਗਿਣਤ ਸ਼ਾਗਿਰਦਾਂ ਨੂੰ ਰਾਗ ਵਿੱਦਿਆ ਪ੍ਰਦਾਨ ਕੀਤੀ ਉੱਥੇ ਕਦੇ ਵੀ ਕਿਸੇ ਤੋਂ ਨਾ ਤਾਂ ਕੋਈ ਫੀਸ ਮੰਗੀ ਅਤੇ ਨਾ ਹੀ ਕਦੇ ਮਾਇਆ ਦੀ ਝਾਕ ਰੱਖੀ। ਜੋ ਸ਼ਰਧਾ ਅਨੁਸਾਰ ਦੇ ਜਾਂਦਾ ਉਹ ਸਵੀਕਾਰ ਕਰ ਲੈਂਦੇ।ਅਜਿਹੀ ਦਰਿਆਦਿਲੀ ਪਰਮਾਤਮਾ ਆਪਣੇ ਪਿਆਰਿਆਂ ਅੰਦਰ ਹੀ ਬਿਰਾਜਮਾਨ ਕਰਦਾ ਹੈ। ਜਦਕਿ ਆਮ ਸੰਸਾਰਕ ਪ੍ਰਾਣੀ ਨਿੱਕੀ ਤੋਂ ਨਿੱਕੀ ਵਿੱਦਿਆ ਦੇਣ ਤੋਂ ਪਹਿਲਾਂ ਹੀ ਫ਼ੀਸ ਦੀ ਸ਼ਰਤ ਤੈਅ ਕਰ ਲੈਂਦੇ ਹਨ। ਪ੍ਰੰਤੂ ਉਸ ਮਹਾਨ ਸ਼ਖ਼ਸੀਅਤ ਨੇ ਆਪਣੇ ਪਿਆਰੇ ਵਿਦਿਆਰਥੀਆਂ / ਸ਼ਾਗਿਰਦਾਂ ਨੂੰ ਦਿਲ ਖੋਲ੍ਹ ਕੇ ਸੰਗੀਤ ਦੇ ਅਨਮੋਲ ਖ਼ਜ਼ਾਨੇ ਬਖ਼ਸ਼ੇ।ਆਪ ਜੀ ਦੇ ਵਿਦਿਆਰਥੀਆਂ ਤੋਂ ਪਤਾ ਲੱਗਦਾ ਹੈ ਕਿ ਉਸਤਾਦ ਜੀ ਨੇ ਰੇਲ ਗੱਡੀਆਂ ਬੱਸਾਂ ਵਿੱਚ ਗਾ ਗਾ ਕੇ ਮੰਗਣ ਵਾਲਿਆਂ ਨੂੰ ਸੰਗੀਤ ਦੀ ਵਿਦਿਆ ਦਿੱਤੀ ਆਪ ਜੀ ਦੇ ਕਈ ਸ਼ਾਗਿਰਦ ਅਜਿਹੇ ਵੀ ਦੱਸੇ ਜਾਂਦੇ ਹਨ ,ਜਿਨ੍ਹਾਂ ਨੂੰ ਸੰਗੀਤ ਦੀ ਦਾਤ ਬਖਸ਼ਣ ਦੇ ਨਾਲ- ਨਾਲ ਉਨ੍ਹਾਂ ਦਾ ਸਾਰਾ ਖਰਚਾ ਵੀ ਉਸਤਾਦ ਜੀ ਆਪਣੇ ਕੋਲੋਂ ਕਰਦੇ ਰਹੇ। ਸਰਦਾਰ ਅਜਮੇਰ ਸਿੰਘ (ਐਮ. ਏ.) ਦੇ ਸ਼ਬਦਾਂ ਵਿੱਚ ,"ਕਈ ਮੰਗਤਿਆਂ ਨੂੰ ਮੰਗਣੋਂ ਹਟਾ ਕੇ, ਉਨ੍ਹਾਂ ਨੂੰ ਰਾਗ ਦੀ ਚੰਗੀ ਸਿਖਲਾਈ ਦੇ ਕੇ, ਰੁਜ਼ਗਾਰ ਕਮਾਉਣ ਦੇ ਲਾਇਕ ਬਣਾਇਆ।



ਨੇਤਰਹੀਣਾਂ ਦੀ ਮਦਦ ਕਰਨੀ ਜ਼ਰੂਰੀ ਸਮਝਦੇ ਸਨ।ਉਸਤਾਦ ਰਾਗੀ ਜਸਵੰਤ ਸਿੰਘ ਤੀਬਰ (ਕੁਲਾਰ) ਜੀ ਦਾ ਸਮੁੱਚਾ ਜੀਵਨ ਜਿਥੇ ਗੁਰਮਤਿ ਸੰਗੀਤ ਅਭਿਆਸ ਅਤੇ ਸੰਗੀਤ ਦਾਨੀ ਦੇ ਤੌਰ ਤੇ ਸੇਵਾ ਪ੍ਰਤੀ ਸਮਰਪਤ ਸੀ ,ਉਥੇ ਆਪ ਜੀ ਨੇ ਗੁਰੂ ਸਾਹਿਬਾਨ ਦੇ ਬਚਨਾਂ ਤੇ ਖਰੇ ਉਤਰਦਿਆਂ ਗ੍ਰਹਿਸਥੀ ਜੀਵਨ ਨੂੰ ਵੀ ਬਾਖ਼ੂਬੀ ਨਿਭਾਇਆ ।ਆਪ ਜੀ ਨੇ ਦੋ ਸਪੁੱਤਰਾਂ ਅਤੇ ਦੋਵਾਂ ਪੁੱਤਰੀਆਂ ਨੂੰ ਸੰਸਾਰਿਕ ਵਿੱਦਿਆ ਪ੍ਰਾਪਤ ਕਰਵਾ ਕੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸਫ਼ਲਤਾ ਨਾਲ ਨੇਪਰੇ ਚੜ੍ਹਾਇਆ।

ਉਸਤਾਦ ਜੀ ਦੁਆਰਾ ਪਾਏ ਪੂਰਨਿਆ ਤੇ ਚਲਦਿਆਂ ਆਪ ਜੀ ਦੇ ਬੱਚੇ ਉਨ੍ਹਾਂ ਦਾ ਨਾਮ ਦੇਸ਼ਾਂ-ਵਿਦੇਸ਼ਾਂ ਵਿੱਚ ਰੌਸ਼ਨ ਕਰ ਰਹੇ ਹਨ। ਆਪ ਜੀ ਦੇ ਸਪੁੱਤਰ ਸਰਦਾਰ ਹਰਕੀਰਤ ਸਿੰਘ ਜੀ ਸਰੀ (ਕਨੇਡਾ) ਵਿਖੇ ਪਿਤਾ ਪੁਰਖੀ ਸੰਗੀਤਕ ਖ਼ਜ਼ਾਨੇ ਨੂੰ ਵੰਡ ਰਹੇ ਹਨ।

ਜਿਨ੍ਹਾਂ ਵਿਦਿਆਰਥੀਆਂ ਨੂੰ ਆਪ ਜੀ ਨੇ ਕਦੇ ਉਂਗਲੀ ਫੜ ਕੇ ਸੰਗੀਤ ਦੇ ਸਮੁੰਦਰ ਵੱਲ ਤੋਰਿਆ ਸੀ, ਉਹ ਹੁਣ ਉਸਤਾਦ ਬਣ ਕੇ ਦੁਨੀਆਂ ਭਰ ਵਿੱਚ ਗੁਰਮਤਿ ਸੰਗੀਤ ਵੰਡ ਰਹੇ ਹਨ।

ਮਿਤੀ 24,25 ਅਤੇ 26 ਫ਼ਰਵਰੀ 2023 ਨੂੰ ਦੇਸ਼ਾਂ-ਵਿਦੇਸ਼ਾਂ ਵਿੱਚ ਉਸਤਾਦ ਰਾਗੀ ਜਸਵੰਤ ਸਿੰਘ ਤੀਬਰ ਜੀ ਦਾ ਨਾਂ ਰੌਸ਼ਨ ਕਰ ਰਹੇ ਉਨ੍ਹਾਂ ਦੇ ਵਿਦਿਆਰਥੀ ਆਪ ਜੀ ਦੀ 39ਵੀਂ ਯਾਦ ਮਨਾ ਰਹੇ ਹਨ।ਇਹ ਸਮਾਗਮ ਆਪ ਜੀ ਦੇ ਜੱਦੀ ਪਿੰਡ ਕੁਲਾਰ (ਲੁਧਿਆਣਾ) ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।-

**ਸ਼੍ਰੀ ਮਤੀ ਸੁਰਿੰਦਰ ਪਾਲ ਕੌਰ**
**70097-15355 ਜਾਂ 98787-57904**

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਕੌਮੀ ਇਨਸਾਫ਼ ਮੋਰਚਾ ਦੀ ਹਮਾਇਤ



ਚੰਡੀਗੜ੍ਹ (ਹਾਕਮ ਸਿੰਘ ਧਾਲੀਵਾਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦਾ ਹਜ਼ਾਰਾਂ ਕਿਸਾਨਾਂ ਦਾ ਕਾਫ਼ਲਾ ਸਿੱਖ ਬੰਦੀਆਂ ਸਮੇਤ ਬੁੱਧੀਜੀਵੀਆਂ, ਸਮਾਜਿਕ ਕਾਰਕੁੰਨਾਂ, ਵਿਦਿਆਰਥੀਆਂ, ਧਾਰਮਿਕ ਘੱਟ ਗਿਣਤੀਆਂ, ਦਲਿਤਾਂ ਦੀ ਰਿਹਾਈ ਦੀ ਮੰਗ ਨੂੰ ਲੈਕੇ ਮਨਜੀਤ ਧਨੇਰ ਦੀ ਅਗਵਾਈ ਵਿੱਚ ' ਕੌਮੀ ਇਨਸਾਫ਼ ਮੋਰਚਾ' ਵਿੱਚ ਸ਼ਾਮਲ ਹੋਇਆ।ਇਹ ਹਜ਼ਾਰਾਂ ਜੁਝਾਰੂ ਕਿਸਾਨਾਂ ਦਾ ਕਾਫ਼ਲਾ ਗੁਰਦੁਆਰਾ ਸਾਹਿਬ ਸ਼ਹੀਦਾਂ ਸੋਹਾਣਾ ਵਿਖੇ ਇਕੱਠਾ ਹੋਇਆ।ਇਸ ਸਮੇਂ ਸੰਬੋਧਨ ਕਰਦਿਆਂ ਮਨਜੀਤ ਸੂਬਾ ਪ੍ਰਧਾਨ ਧਨੇਰ, ਹਰਨੇਕ ਸਿੰਘ ਮਹਿਮਾ, ਹਰੀਸ਼ ਨੱਢਾ, ਅੰਗਰੇਜ਼ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਕੇਂਦਰੀ ਅਤੇ ਰਾਜ ਸਰਕਾਰ ਦੋਹਰੇ ਮਾਪਦੰਡ ਅਪਣਾ ਰਹੀ ਹੈ। ਇੱਕ ਪਾਸੇ ਬਲਾਤਕਾਰੀਆਂ ਨੂੰ ਛੱਡਿਆ ਜਾ ਰਿਹਾ ਹੈ।ਦੂਜੇ ਪਾਸੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਸਮੇਤ ਬੁੱਧੀਜੀਵੀਆਂ,ਸਮਾਜਿਕ ਕਾਰਕੁੰਨਾਂ, ਵਿਦਿਆਰਥੀਆਂ, ਧਾਰਮਿਕ ਘੱਟ ਗਿਣਤੀਆਂ,ਦਲਿਤਾਂ, ਆਦਿ ਵਾਸੀਆਂ ਨੂੰ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਵਿੱਚ ਡੱਕ ਕੇ ਰੱਖਿਆ ਹੋਇਆ ਹੈ।ਇਹ ਮਨੁੱਖ ਦੇ ਮੁੱਢਲੇ ਬੁਨਿਆਦੀ ਹੱਕਾਂ ਉੱਤੇ ਹਮਲਾ ਹੈ।ਆਗੂਆਂ ਕਿਹਾ ਕਿ ਅਸੀਂ ਕਿਸਾਨ ਮੰਗਾਂ ਲਈ ਸੰਘਰਸ਼ ਕਰਨ ਦੇ ਨਾਲ -ਨਾਲ ਮਨੁੱਖ ਦੇ ਜੀਵਨ ਜਿਊਣ ਦੇ ਮੁੱਢਲੇ ਅਧਿਕਾਰਾਂ ਉੱਪਰ ਬੋਲੇ ਹਮਲੇ ਖ਼ਿਲਾਫ਼ ਵੀ ਆਪਣਾ ਫਰਜ਼ ਸਮਝਦੇ ਹੋਏ ਅੱਜ ਕੌਮੀ ਇਨਸਾਫ਼ ਮੋਰਚੇ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਲਈ ਵਿੱਢੇ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਲਈ ਪੁੱਜੇ ਹਾਂ।ਆਉਣ ਵਾਲੇ ਸਮੇਂ ਵਿੱਚ ਸਾਡੀ ਜਥੇਬੰਦੀ ਵੱਲੋਂ ਕੌਮੀ ਇਨਸਾਫ਼ ਮੋਰਚੇ ਨੂੰ ਹਮਾਇਤ ਜਾਰੀ ਰਹੇਗੀ। ਯਾਦ ਰਹੇ ਅੱਜ ਦੀ ਸ਼ਮੂਲੀਅਤ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਦਿੱਤਾ ਗਿਆ ਸੀ।

# ਸਾਬਕਾ ਵਿਦਿਆਰਥੀ ਨੇ ਅੱਗ ਲਾ ਕੇ ਜਿਉਂਦਿਆਂ ਸਾੜ ਦਿੱਤੀ ਕਾਲਜ ਦੀ ਪ੍ਰਿੰਸੀਪਲ

ਇੰਦੌਰ - ਇੰਦੌਰ ਵਿੱਚ ਇੱਕ ਨਿੱਜੀ ਕਾਲਜ ਦੀ ਮਹਿਲਾ ਪ੍ਰਿੰਸੀਪਲ ਨੂੰ ਸੰਸਥਾ ਦੇ ਇੱਕ ਸਾਬਕਾ ਵਿਦਿਆਰਥੀ ਨੇ ਕਥਿਤ ਤੌਰ 'ਤੇ ਪੈਟਰੋਲ ਪਾ ਕੇ ਜਿਉਂਦੇ ਸਾੜ ਦਿੱਤਾ। ਪੁਲਿਸ ਨੇ ਦੋਸ਼ੀ ਨੂੰ ਹਿਰਾਸਤ 'ਚ ਲੈ ਲਿਆ ਹੈ।ਪੁਲਿਸ ਸੁਪਰਡੈਂਟ (ਦੇਸ਼) ਭਗਵਤ ਸਿੰਘ ਵਿਰਦੇ ਨੇ ਦੱਸਿਆ ਕਿ ਸਿਮਰੋਲ ਖੇਤਰ ਦੇ ਇੱਕ ਨਿੱਜੀ ਕਾਲਜ ਦੀ ਪ੍ਰਿੰਸੀਪਲ ਵਿਮੁਕਤਾ ਸ਼ਰਮਾ (54) ਨੂੰ ਕਾਲਜ ਦੇ ਇੱਕ ਸਾਬਕਾ ਵਿਦਿਆਰਥੀ ਏ.ਕੇ. ਸ਼੍ਰੀਵਾਸਤਵ (24) ਨੇ ਕਥਿਤ ਤੌਰ 'ਤੇ ਪੈਟਰੋਲ ਛਿੜਕ ਕੇ ਅੱਗ ਲਗਾ ਕੇ ਸਾੜ ਦਿੱਤਾ। ਵਿਰਦੇ ਨੇ ਦੱਸਿਆ ਕਿ ਸ਼ਰਮਾ 80 ਫ਼ੀਸਦੀ ਝੁਲਸ ਗਈ ਹੈ, ਅਤੇ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹਾਲਤ ਗੰਭੀਰ ਹੋਣ ਕਾਰਨ ਮਹਿਲਾ ਪ੍ਰਿੰਸੀਪਲ ਬਿਆਨ ਦੇਣ ਦੀ ਸਥਿਤੀ ਵਿੱਚ ਨਹੀਂ ਹੈ।ਪੁਲਿਸ ਸੁਪਰਡੈਂਟ ਨੇ ਦੱਸਿਆ ਕਿ ਸ਼੍ਰੀਵਾਸਤਵ ਗੁਆਂਢੀ ਉੱਜੈਨ ਜ਼ਿਲ੍ਹੇ ਦਾ ਨਿਵਾਸੀ ਹੈ ਅਤੇ ਉਸ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ, "ਘਟਨਾ ਵਿੱਚ ਸ੍ਰੀਵਾਸਤਵ ਦੇ ਹੱਥ ਵੀ ਸੜ ਗਏ ਹਨ, ਅਤੇ ਮੁਲਜ਼ਮ ਤੋਂ ਵਿਸਥਾਰ ਸਹਿਤ ਪੁੱਛਗਿੱਛ ਕੀਤੀ ਜਾ ਰਹੀ ਹੈ।

*MORTGAGES
FOR UPTO
50 MILLION
IS AVAILABLE FOR LARGE PROJECTS
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus
Professional Mortgage Consultants
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC

Yes, Private Mortgages Start from 8.25% for a limited time*
Foreclosure?, we can help.
QUICK & EASY APPROVALS



# ਅਕਾਲ ਪੁਰਖ ਜੀ ਦੀ ਬਖਸ਼ਿਸ਼ ਨਾਲ ਮਨੂੰਵਾਦੀਆਂ ਦੀ ਹਾਰ
# ਅਮਰੀਕਾ ਦੇ ਸ਼ਹਿਰ ਸਿਆਟਲ ਵਿਚ ਹੋਈ ਫਤਹਿ









ਸਿਆਟਲ:ਅਮਰੀਕਾ ਦੇ ਕਾਨੂੰਨ ਵਿਚ ਜਾਤੀ ਵਿਤਕਰੇ ਤੇ ਕਾਫੀ ਵਿਸਥਾਰ ਨਾਲ ਲਿਖਿਆ ਹੋਇਆ ਹੈ।ਇਥੋਂ ਤੱਕ ਕਿ ਜਦੋਂ ਵੀ ਤੁਸੀਂ ਕਿਸੇ ਕੰਪਨੀ ਵਿਚ ਨੌਕਰੀ ਲੈਣ ਲਈ ਉਨ੍ਹਾਂ ਦੀ ਅਰਜ਼ੀ ਭਰਦੇ ਹੋ ਤਾਂ ਉਸ ਵਿਚ ਕਾਫ਼ੀ ਸ਼ਬਦ ਪਹਿਲਾਂ ਹੀ ਲਿਖੇ ਹੁੰਦੇ ਹਨ ਕਿ ਅਸੀਂ ਕਿਸੇ ਨਾਲ ਵੀ ਰੰਗ, ਨਸਲ, ਧਰਮ, ਲਿੰਗ, Race, Gender, religion, sexuality, nationality, ethnicity ਆਦਿ ਦੇ ਆਧਾਰ ਤੇ ਵਿਤਕਰਾ ਨਹੀਂ ਕਰਦੇ।

ਇੰਨਾ ਕੁੱਝ ਹੋਣ ਦੇ ਬਾਵਜੂਦ ਕੈਲੇਫੋਰਨੀਆਂ ਵਿਚ ਕੁੱਝ ਕੇਸ ਅਜਿਹੇ ਸਾਹਮਣੇ ਆਏ ਜਿੱਥੇ ਮਨੂੰਵਾਦੀਆਂ ਵਲੋਂ ਭਾਰਤ ਦੇ ਮੂਲਵਾਸੀਆਂ ਨਾਲ ਵੱਡਾ ਵਿਤਕਰਾ ਕੀਤਾ ਗਿਆ।ਉਨ੍ਹਾਂ ਦੀ ਤਰੱਕੀ ਵਿਚ ਰੁਕਾਵਟ ਖੜ੍ਹੀ ਕੀਤੀ ਗਈ ਅਤੇ ਹੋਰ ਕਈ ਢੰਗਾਂ ਨਾਲ ਜ਼ਲੀਲ ਕੀਤਾ ਗਿਆ।ਕੇਸ ਅਦਾਲਤ ਵਿਚ ਗਿਆ ਤਾਂ ਜੱਜ ਬੇਬੱਸ ਨਜ਼ਰ ਆਇਆ।ਕਾਰਨ ਇਸ ਸੀ ਕਿ ਉਨ੍ਹਾਂ ਦੇ ਕਾਨੂੰਨ ਵਿਚ ਛਓਸਟਏ ਸ਼ਬਦ ਅੰਕਿਤ ਨਹੀਂ ਸੀ।

ਇੱਥੇ ਕਾਨੂੰਨ ਤੋਂ ਬਾਹਰ ਜਾ ਕੇ ਜੱਜ ਫੈਸਲਾ ਨਹੀਂ ਦਿੰਦੇ।ਇਸ ਨੂੰ ਸੌਖਿਆਂ ਸਮਝਣ ਲਈ ਇੱਕ ਮਿਸਾਲ ਦਿੰਦਾ ਹਾਂ।ਕਾਨੂੰਨ ਵਿਚ ਲਿਖਿਆ ਹੈ ਕਿ ਤੁਸੀਂ ਹਾਈਵੇਅ ਤੇ ਟਰੱਕ ਬੈਕ ਨਹੀਂ ਕਰ ਸਕਦੇ।ਇੱਕ ਪੰਜਾਬੀ ਨੇ ਟਰੱਕ ਚਲਾਉਂਦੇ ਸਮੇਂ ਦੋ ਬਜ਼ੁਰਗਾਂ ਨੂੰ ਸੈਰ ਸਪਾਟੇ ਲਈ ਆਪਣੇ ਨਾਲ ਬਿਠਾਇਆ ਹੋਇਆ ਸੀ।ਗੱਲਾਂ ਕਰਦਿਆਂ ਉਹ ਐਗਜਿਟ ਮਿਸ ਕਰ ਗਿਆ।ਨਾਲਦਿਆਂ ਨੇ ਸਲਾਹ ਦਿੱਤੀ ਕਿ ਅਸੀਂ ਪਿੱਛੇ ਹੋ ਕੇ ਦੱਸੀ ਜਾਂਦੇ ਹਾਂ ਤੂੰ ਬੈਕ ਕਰ ਲੈ।ਉਸ ਨੇ ਇਸ ਤਰ੍ਹਾਂ ਹੀ ਕੀਤਾ।ਅਚਾਨਕ ਪੁਲਿਸ ਨੇ ਵੇਖ ਲਿਆ ਅਤੇ ਚਲਾਨ ਕਰ ਦਿੱਤਾ।ਉਹ ਵਕੀਲ ਕਰ ਕੇ ਅਦਾਲਤ ਚਲਾ ਗਿਆ।ਅਦਾਲਤ ਵਿੱਚ ਪੇਸ਼ ਹੋਣ ਤੋਂ ਪਹਿਲਾਂ ਵਕੀਲ ਨੂੰ ਕਹਿੰਦਾ ਕਿ ਆਹ ਵੇਖੋ ਜੀ ਗਵਾਹ ਇਹ ਨਾਲ ਸਨ ਜਦੋਂ ਮੈਂ ਬੈਕ ਕਰਦਾ ਸੀ ਅਸੀਂ ਪੂਰੇ ਧਿਆਨ ਨਾਲ ਬੈਕ ਕੀਤਾ ਹੈ।ਵਕੀਲ ਨੇ ਹੈਰਾਨੀ ਨਾਲ ਡਰਾਈਵਰ ਨੂੰ ਕਿਹਾ ਕਿ ਤੁਸੀਂ ਤਾਂ ਪੁਲਿਸ ਵਲੋਂ ਕੀਤੇ ਚਲਾਣ ਨੂੰ ਖੁਦ ਹੀ ਸਹੀ ਕਹਿ ਰਹੇ ਹਨ ਕਿ ਵਾਕਿਆ ਹੀ ਅਸੀਂ ਨੇ ਟਰੱਕ ਬੈਕ ਕੀਤਾ ਹੈ।ਇਸ ਤਾਂ ਕੇਸ ਹੈ।ਇਸੇ ਗੱਲ ਦਾ ਤਾਂ ਚਲਾਣ ਹੋਇਆ ਹੈ ਕਿ ਤੁਸੀਂ ਹਾਈਵੇਅ ਤੇ ਟਰੱਕ ਬੈਕ ਕੀਤਾ ਹੈ।ਉਹ ਵੇਖਣ ਕਿ ਇਹ ਕੀ ਹੋਇਆ?

ਮਤਲਬ ਕਿ ਕਾਨੂੰਨ ਕਹਿੰਦਾ ਹੈ ਕਿ ਹਾਈਵੇਅ ਤੇ ਟਰੱਕ ਬੈਕ ਕਰਨਾ ਗੁਨਾਹ ਹੈ ਤਾਂ ਬੱਸ ਗੁਨਾਹ ਹੈ ਇਹ ਗੱਲ ਦਾ ਕੋਈ ਮੁੱਲ ਨਹੀਂ ਕਿ ਕਿੰਨੀ ਸਾਵਧਾਨੀ ਨਾਲ ਬੈਕ ਕੀਤਾ ਹੈ ਜਾਂ ਕਿੰਨਿਆਂ ਬੰਦਿਆਂ ਦੀ ਮੱਦਦ ਨਾਲ ਬੈਕ ਕੀਤਾ ਹੈ।

ਜੱਜ ਦੀ ਬੇਬਸੀ ਦਾ ਕਾਰਨ ਇਹ ਸੀ ਕਿ ਛਓਸਟਏ ਸ਼ਬਦ ਅੰਕਿਤ ਨਹੀਂ ਤਾਂ ਮੈਂ ਇਸ ਦਾ ਫੈਸਲਾ ਕਿਵੇਂ ਕਰਾਂ ?

ਇਸ ਲਈ ਇਸ ਸ਼ਬਦ ਨੂੰ ਪਹਿਲਾਂ ਲਿਖੀ ਕਾਨੂੰਨੀ ਵਿਤਕਰੇ ਦੀ ਪ੍ਰੀਭਾਸ਼ਾ ਵਿਚ ਦਰਜ਼ ਕਰਨ ਲਈ ਅੱਜ ਸਿਟੀ ਆਫ ਸਿਆਟਲ ਵਿਚ ਸਿਟੀ ਕੌਂਸਲ ਮੈਂਬਰ ਕਸਾਮਾ ਸਾਵੰਤ ਵਲੋਂ ਇੱਕ ਮਤਾ ਲਿਆਂਦਾ ਗਿਆ। ਜਿਸ ਨੂੰ ਲੰਬੀ ਬਹਿਸ ਤੋਂ ਬਾਅਦ 6-1 ਦੀ ਬਹੁਮਤ ਨਾਲ ਪਾਸ ਕਰ ਦਿੱਤਾ ਗਿਆ। ਇਸ ਮਤੇ ਤੇ ਬਹਿਸ ਤੋਂ ਪਹਿਲਾਂ ਬਹੁਤ ਸਾਰੀਆਂ ਈਮੇਲ ਵੀ ਆਈਆਂ।ਬੁਲਾਰਿਆਂ ਨੇ ਆਨਲਾਈਨ ਵੀ ਹਿੱਸਾ ਲਿਆ ਅਤੇ ਵੱਡੀ ਗਿਣਤੀ ਵਿਚ ਲੋਕ ਸਿਟੀ ਹਾਲ ਵਿਚ ਵੀ ਪਹੁੰਚੇ।ਜਦੋਂ ਸਿਟੀ ਦੇ ਨੁਮਾਇੰਦੇ ਬਿੱਲ ਦੇ ਹੱਕ ਵਿਚ ਬੋਲਦੇ ਤਾਂ ਮਨੂੰਵਾਦੀ ਰੌਲੀ ਪਾਈ ਦਿੰਦੇ।ਇਸ ਕਾਰਨ ਸਪੀਕਰ ਵਲੋਂ ਉਨ੍ਹਾਂ ਨੂੰ ਤਿੰਨ ਵਾਰ ਝਾੜ ਪਾਈ ਗਈ।ਅਖੀਰ ਸੱਚ ਦੀ ਜਿੱਤ ਹੋਈ ਤਾਂ ਮਨੂੰਵਾਦੀ ਮੂੰਹ ਲਟਕਾਉਂਦੇ ਖਿਸਕਦੇ ਹੋਏ।

ਅਸੀਂ ਵੱਖ ਵੱਖ ਟੀਵੀ ਚੈਨਲਾਂ ਦੇ ਪਤਰਕਾਰਾਂ ਵਲੋਂ ਮਨੂੰਵਾਦੀਆਂ ਦੀ ਕੀਤੀ ਜਾ ਰਹੀ ਇੰਟਰਵਿਊ ਨੂੰ ਕੋਲ ਖਲੋ ਕੇ ਸੁਣਦੇ।ਜਦੋਂ ਮਨੂੰਵਾਦੀਆਂ ਨਾਲ ਗੱਲਬਾਤ ਖ਼ਤਮ ਕਰ ਦਿੰਦੇ ਤਾਂ ਅਸੀਂ ਉਨ੍ਹਾਂ ਨੂੰ ਦਿੰਦੇ ਕਿ ਆਪਾਂ ਇਸ ਗੱਲ ਨੂੰ ਮੰਨ ਲੈਂਦੇ ਹਾਂ ਕਿ ਇਹ ਸੱਚ ਬੋਲ ਰਹੇ ਹਨ।ਹਾਲਾਂਕਿ ਇਹ ਕੋਰਾ ਝੂਠ ਬੋਲ ਰਹੇ ਹਨ ਅਤੇ ਗੁਮਰਾਹ ਕਰ ਰਹੇ ਹਨ ਪਰ ਇਨ੍ਹਾਂ ਨੂੰ ਇੱਕ ਸੁਆਲ ਪੁੱਛੋ ਕਿ ਇਹ ਇੱਕ ਸ਼ਬਦ ਹੋਰ ਦਰਜ਼ (add) ਹੋ ਜਾਣ ਨਾਲ ਤੁਹਾਨੂੰ ਦਿੱਕਤ ਕੀ ਹੈ ਤਾਂ ਟੀਵੀ ਵਾਲੇ ਇੱਕ ਦਮ ਸਹਿਮਤ ਹੋ ਜਾਂਦੇ ਕਿ ਗੱਲ ਤਾਂ ਠੀਕ ਹੈ।ਉਨ੍ਹਾਂ ਦੀ ਕੀਤੀ ਸਾਰੀ ਭਕਾਈ ਜ਼ੀਰੋ ਹੋ ਜਾਂਦੀ।ਮੀਡੀਏ ਤੇ ਡਟ ਕੇ ਪਹਿਰਾ ਦਿੱਤਾ।

ਕੇਸ ਦੀ ਸੁਣਵਾਈ ਦੌਰਾਨ ਪਹਿਲਾਂ ਹਰ ਬੁਲਾਰੇ ਨੂੰ 45 ਸੈਕਿੰਡ ਦਾ ਸਮਾਂ ਦਿੱਤਾ ਗਿਆ ਪਰ ਬਾਅਦ ਵਿਚ ਘਟਾ ਕੇ 30 ਸੈਕਿੰਡ ਕਰ ਦਿੱਤਾ ਗਿਆ।ਬੁਲਾਰੇ ਬਹੁਤ ਜ਼ਿਆਦਾ ਸਨ। ਸਿੱਖ ਭਾਈਚਾਰੇ ਵਲੋਂ ਡਾਕਟਰ ਜਸਮੀਤ ਸਿੰਘ, ਸਰਦਾਰ ਹੀਰਾ ਸਿੰਘ ਭੁੱਲਰ, ਇੰਦਰਜੀਤ ਸਿੰਘ ਬੱਲੋਵਾਲੀਆ ਅਤੇ ਦਿਲਬਾਗ ਸਿੰਘ ਨੇ ਆਪਣੇ ਵਿਚਾਰ ਦਿੱਤੇ।ਜਿਨ੍ਹਾਂ ਨੇ ਹੀ ਇੰਨੇ ਘੱਟ ਸਮੇਂ ਵਿਚ ਆਪਣੀ ਦਲੀਲ ਬਾਖੂਬੀ ਪੇਸ਼ ਕੀਤੀ।ਉਨ੍ਹਾਂ ਤੋਂ ਇਲਾਵਾ ਵੀ ਆਪਣੇ ਹੋਰ ਸਿੰਘਾਂ ਵਿੱਚ ਪਰਮਿੰਦਰ ਸਿੰਘ ਸਾਹਨੇਵਾਲ ,ਹੈਰੀ ਸਿੰਘ ਅਤੇ ਸਾਡਾ ਟੀ.ਵੀ. ਯੂ.ਐਸ .ਏ ਸਿਮਰਨ ਸਿੰਘ ਨੇ ਡਟ ਕੇ ਸਾਥ ਦਿੱਤਾ।

ਖੁਸ਼ੀ ਦੀ ਗੱਲ ਤਾਂ ਇਹ ਹੈ ਕਿ ਭਾਵੇਂ ਸ਼ੁਰੂ ਵਿਚ ਇਸ ਮਤੇ ਦਾ ਵਿਰੋਧ ਕਰਨ ਵਾਲੇ ਮਨੂੰਵਾਦੀਆਂ ਦੀ ਗਿਣਤੀ ਕੋਈ 20-25 ਦੇ ਕਰੀਬ ਨਜ਼ਰ ਆ ਰਹੀ ਸੀ ਪਰ ਅਖੀਰ ਹੁੰਦੀ ਤੱਕ 5-7 ਕੂ ਹੀ ਰਹਿ ਗਈ ਸੀ । ਜਿਨ੍ਹਾਂ ਨੂੰ ਤੁਸੀਂ ਵੀਡੀਓਜ਼ ਵਿਚ ਵੇਖ ਸਕਦੇ ਹੋ।ਅੱਜ ਇਨ੍ਹਾਂ ਦੇ ਵਿਰੋਧ ਨੇ ਇਨ੍ਹਾਂ ਦਾ ਅਸਲੀ ਚਿਹਰਾ ਨੰਗਾ ਕਰਨ ਵਿਚ ਵੱਡੀ ਮਦਦ ਕੀਤੀ।ਜਿਸ ਦਾ ਮੈਂ ਅਕਸਰ ਜ਼ਿਕਰ ਕਰਦਾ ਹੁੰਦਾ ਸੀ ਕਿ ਤੁਹਾਡਾ ਅਸਲੀ ਚਿਹਰਾ ਦੁਨੀਆਂ ਸਾਹਮਣੇ ਲਿਆ ਕੇ ਦਮ ਲਵਾਂਗੇ।ਮੋਰਚਾ ਫ਼ਤਿਹ ਹੋਣ ਤੋਂ ਬਾਅਦ ਸਿਟੀ ਹਾਲ ਵਿਚ ਹੀ ਡਿਨਰ ਪਾਰਟੀ ਵੀ ਕੀਤੀ ਗਈ।

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)


TARSHOTAM BIRAN

215/70R16
COMFORSER
Reg: ~~$155.00~~
Now : $70.00



235/65R17
COMFORSER
Reg: ~~$220.00~~
Now : $95.00



245/65R17
COMFORSER
Reg: ~~$240.00~~
Now : $100.00



215/70R15
GOOD YEAR INTEGRITY
Reg: ~~$120.00~~
Now : $90.00



SALE

Comforser
Size: 205/60/16
Reg Price: ~~$110~~
Sale Price : $55



Auplus
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

Cell: 778-322-1610, Tel: 604-592-2667 #106-13112-84th Ave.,Surrey



# NEXTRUX TRANSPORT LTD



ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥ ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

# ਖਾਲਸਾ ਦੀਵਾਨ ਸੋਸਾਇਟੀ, ਐਬਟਸਫੋਰਡ

## ਸਾਲ 2023-2025 ਦੀ ਪ੍ਰਬੰਧਕ ਕਮੇਟੀ ਲਈ 5 ਮਾਰਚ, 2023 ਦਿਨ ਐਤਵਾਰ ਨੂੰ ਹੋਣ ਵਾਲੀਆਂ ਚੋਣਾਂ ਲਈ

## ਵੋਟਾਂ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ

**ਸਥਾਨ: ਗੁਰਦਵਾਰਾ ਖਾਲਸਾ ਦੀਵਾਨ ਸੋਸਾਇਟੀ 33094 ਸਾਊਥ ਫਰੇਜ਼ਰ ਵੇਅ, ਐਬਟਸਫੋਰਡ**

**ਗੁਰਦੁਆਰਾ ਸਾਹਿਬ ਨੂੰ ਸ਼ਾਂਤੀ ਤੇ ਸਿੱਖੀ ਦੇ ਪ੍ਰਸਾਰ ਦਾ ਕੇਂਦਰ ਬਣਾਉਣ ਲਈ**
**ਸਰਬ-ਸਾਂਝੀ ਸੇਵਾਦਾਰਾਂ ਦੀ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਬਣਾਓ ਜੀ**


ਸ੍ਰ: ਸੁਰਿੰਦਰਪਾਲ ਸਿੰਘ ਗਰੇਵਾਲ


ਸ੍ਰ: ਰਾਜਵਿੰਦਰ ਸਿੰਘ ਫਿਲੋਰਾ (ਰਿੱਕੀ)


ਸ੍ਰ: ਜਤਿੰਦਰ ਸਿੰਘ ਗਿੱਲ (ਹੈਪੀ ਗਿੱਲ)


ਸ੍ਰ: ਗੁਰਮਿੰਦਰ ਸਿੰਘ ਸੇਖੋ


ਸ੍ਰ:ਸੁਖਵਿੰਦਰ ਸਿੰਘ ਫੰਗੁੜਾ


ਸ੍ਰ: ਜਗਤਾਰ ਸਿੰਘ ਚਾਹਿਲ


ਸ੍ਰ: ਹਰਪ੍ਰੀਤ ਸਿੰਘ ਕੰਗ

## ਈਮਾਨਦਾਰ, ਬੇਦਾਗ, ਨਿਰਪੱਖ, ਮਿਹਨਤੀ, ਸੂਝਵਾਨ ਤੇ ਸੇਵਾਦਾਰ ਉਮੀਦਵਾਰ

| | | |
|---|---|---|
| **President ਪ੍ਰਧਾਨ**<br>S. Jatinder Singh Gill (Happy Gill ) ਸ੍ਰ: ਜਤਿੰਦਰ ਸਿੰਘ ਗਿੱਲ (ਹੈਪੀ ਗਿੱਲ ) | 1-604 -832- 4000 | ✓ |
| **Vice-President ਮੀਤ ਪ੍ਰਧਾਨ**<br>S. Rajwinder Singh Flora (Ricky) ਸ੍ਰ: ਰਾਜਵਿੰਦਰ ਸਿੰਘ ਫਿਲੋਰਾ (ਰਿੱਕੀ) | 1-604 -832- 0687 | ✓ |
| **Secretary ਸੈਕਟਰੀ**<br>S. Gurminder Singh Sekhon ਸ੍ਰ: ਗੁਰਮਿੰਦਰ ਸਿੰਘ ਸੇਖੋ | 1-604-832-0883 | ✓ |
| **Assistant Secretary ਸ਼ਹਾਇਕ ਸੈਕਟਰੀ**<br>S. Sukhvinder Singh Phangura ਸ੍ਰ:ਸੁਖਵਿੰਦਰ ਸਿੰਘ ਫੰਗੁੜਾ | 1-778- 552-0939 | ✓ |
| **Recording Secretary ਰੀਕਾਰਡਿੰਗ ਸੈਕਟਰੀ**<br>S. Harpreet Singh Kang ਸ੍ਰ: ਹਰਪ੍ਰੀਤ ਸਿੰਘ ਕੰਗ | 1-604-866-9983 | ✓ |
| **Treasurer ਖਜ਼ਾਨਚੀ**<br>S. Surinderpal Singh Grewal ਸ੍ਰ: ਸੁਰਿੰਦਰਪਾਲ ਸਿੰਘ ਗਰੇਵਾਲ | 1-778-908-0789 | ✓ |
| **Assistant Treasurer ਸਹਾਇਕ ਖਜ਼ਾਨਚੀ**<br>S. Jagtar Singh Chahal ਸ੍ਰ: ਜਗਤਾਰ ਸਿੰਘ ਚਾਹਿਲ | 1-604-832-8481 | ✓ |
| **Director ਡਾਇਰੈਕਟਰ**<br>S.Gurpreet Singh Brar ਸ੍ਰ:ਗੁਰਪ੍ਰੀਤ ਸਿੰਘ ਬਰਾੜ | 1-604-807-1323 | ✓ |
| **Director ਡਾਇਰੈਕਟਰ**<br>S. Ranjit Singh Sandhu ਸ੍ਰ: ਰਣਜੀਤ ਸਿੰਘ ਸੰਧੂ | 1-778-598-1970 | ✓ |
| **Director ਡਾਇਰੈਕਟਰ**<br>S. Mantej Singh Grewal ਸ੍ਰ: ਮਨਤੇਜ ਸਿੰਘ ਗਰੇਵਾਲ | 1-778-549-8162 | ✓ |
| **Director ਡਾਇਰੈਕਟਰ**<br>S. Harjot Singh Sandhu ਸ੍ਰ: ਹਰਜੋਤ ਸਿੰਘ ਸੰਧੂ | 1-778-240-9959 | ✓ |
| **Director ਡਾਇਰੈਕਟਰ**<br>S. Gurdeep Singh Chohan ਸ੍ਰ: ਗੁਰਦੀਪ ਸਿੰਘ ਚੋਹਾਨ | 1-778-245-2039 | ✓ |
| **Director ਡਾਇਰੈਕਟਰ**<br>S.Gurmeet Singh Sidhu ਸ੍ਰ: ਗੁਰਮੀਤ ਸਿੰਘ ਸਿੱਧੂ | 1-778-552-8460 | ✓ |


ਸ੍ਰ:ਮਨਤੇਜ ਸਿੰਘ ਗਰੇਵਾਲ


ਸ੍ਰ:ਗੁਰਪ੍ਰੀਤ ਸਿੰਘ ਬਰਾੜ


ਸ੍ਰ: ਗੁਰਦੀਪ ਸਿੰਘ ਚੋਹਾਨ


ਸ੍ਰ: ਰਣਜੀਤ ਸਿੰਘ ਸੰਧੂ


ਸ੍ਰ: ਗੁਰਮੀਤ ਸਿੰਘ ਸਿੱਧੂ


ਸ੍ਰ: ਹਰਜੋਤ ਸਿੰਘ ਸੰਧੂ

**ਮਜ਼ੂਦਾ ਕਮੇਟੀ ਵਲੋਂ ਗੁਰਦਵਾਰਾ ਸਾਹਿਬ ਦੇ ਇੱਕ ਮੀਲੀਅਨ ਡਾਲਰ ਦੇ ਕਰਜ਼ੇ ਲਾਹੇ ਗਏ ਹਨ, ਅਤੇ ਇਕ ਮੀਲੀਅਨ ਡਾਲਰ ਦੇ ਕੰਮ ਵੀ ਕੀਤੇ ਗਏ ਹਨ, ਅੱਗੇ ਤੋਂ ਕਿਸੇ ਕੰਮ ਲਈ ਕੋਈ ਕਰਜ਼ਾ ਨਹੀਂ ਲਿਆ ਜਾਵੇਗਾ।**

ਜਰੂਰੀ ਜਾਣਕਾਰੀ :-

ਮੌਜੂਦਾ ਕਮੇਟੀ ਨੇ ਦੂਸਰੀ ਸਲੇਟ ਪੈਦਾ ਕਰਨ ਵਾਲੇ ਸੱਜਣਾ ਨੂੰ ਬੇਨਤੀ ਕਰਨ ਲਈ ਦੋ ਨਿਰਪੱਖ ਵਿਅਕਤੀਆਂ ਨੂੰ ਭੇਜ ਕੇ ਹੇਠ ਲਿਖੀਆਂ ਸ਼ਰਤਾਂ ਤੇ ਨਿਰਭਰ ਇਹ ਬੇਨਤੀ ਕੀਤੀ ਸੀ। ਕਿ ਗੁਰਦੁਆਰਾ ਸਾਹਿਬ ਦਾ ਸੰਗਤਾਂ ਦਾ ਸਾਝਾਂ ਪੈਸਾ, ਇਲੈਕਸ਼ਨ ਤੇ ਖਰਚ (Waste) ਕਰਨ ਦੀ ਬਜਾਏ ਸਰਬ ਸੰਮਤੀ ਨਾਲ ਕੋਈ ਵੀ ਸਾਂਝੀ ਕਮੇਟੀ ਬਣਾ ਲਓ ਅਸੀ (ਮੌਜੂਦਾ ਕਮੇਟੀ) ਕੋਈ ਸਲੇਟ ਖੜੀ ਨਹੀ ਕਰੇਗੀ।

ਪਰ ਹੇਠ ਲਿਖੀਆਂ ਗੱਲਾਂ ਤੇ ਸਹਿਮਤ ਹੋ ਜਾਓ।

ਗੁਰੂ ਘਰ ਤੇ ਅੱਗੇ ਤੋਂ ਸੰਗਤ ਦੀ ਪੂਰੀ ਸਹਿਮਤ ਤੋ ਬਿਨਾਂ ਕੋਈ ਕਰਜ਼ਾ ਨਹੀ ਚੱਕਿਆ ਜਾਵੇਗਾ।

ਗੁਰੂ ਘਰ ਦੀ ਪੂਰਬੀ (East Side) ਪਾਰਕਿੰਗ ਵਿਚ ਗੁਆਂਢੀ ਬਿਲਡਿੰਗ ਵੱਲੋਂ ਕੋਈ ਵੀ ਸਰੀਏ ਧੱਕਣ (For Shoring to build 2 story a high rise bulding) ਦੀ ਇਜਾਜਤ ਨਹੀ ਦਿੱਤੀ ਜਾਵੇਗੀ।

ਭਵਿੱਖ ਵਿਚ ਨਵੀ ਕਮੇਟੀ ਗੁਰੂ ਘਰ ਦੇ ਮੌਜੂਦਾ ਸੰਵਿਧਾਨ ਨੂੰ ਬਦਲ ਕਿ ਫਿਊਨਲ ਹਾਲ (River Side corporation) ਦੀ ਤਰ੍ਹਾਂ ਦਾ ਸੰਵਿਧਾਨ ਬਣਾ ਕੇ ਗੁਰੂ ਘਰ ਦਾ ਕਾਰਜ ਕਾਰ ਸੋਖਾ ਕਰਿਆ ਜਾਵੇ ।

ਗੁਰੂ ਘਰ ਦੀ ਪਾਰਕਿੰਗ ਲਾਟ ਵਿਚ ਸੀਨੀਅਰ ਕੇਅਰ ਸੈਂਟਰ ਬਣਾਉਣ ਦੀ ਤਜਵੀਜ ਨੂੰ ਮੰਜ਼ੂਰੀ ਨਾ ਦਿੱਤੀ ਜਾਵੇ।

## 2012-2023 ਗੁਰਦੁਆਰਾ ਸਾਹਿਬ ਜੀ ਦੇ ਕੀਤੇ ਕੰਮਾਂ ਦਾ ਵੇਰਵਾ :

1. ਗੁਰਦੁਆਰਾ ਸਾਹਿਬ ਦਾ ਸਟੱਕੋ ਦਾ ਕੀਤਾ ਗਿਆ ਕੰਮ ਜਿਸ ਤੇ ਕੁੱਲ / 1,50,000 (ਇਕ ਲੱਖ ਪੰਜਾਹ ਹਜਾਰ ਡਾਲਰ) ਖਰਚ ਆਇਆ ।
2. ਗੁਰਦੁਆਰਾ ਸਾਹਿਬ ਦੀ ਕਾਰ ਪਾਰਕਿੰਗ ਨਵੀਂ ਲੁਕ ਪਾਈ ਗਈ ਜਿਸ ਤੇ / 1,50,000 (ਇਕ ਲੱਖ ਪੰਜਾਹ ਹਜਾਰ ਡਾਲਰ) ਖਰਚ ਆਇਆ
3. ਗੁਰਦੁਆਰਾ ਸਾਹਿਬ ਅਤੇ ਹੈਰੀਟੇਜ ਗੁਰਦੁਆਰਾ ਦੋਨੋ ਇਨਸਾਇਡ ਪੇਂਟ / 45,000 (ਪੰਜਤਾਲੀ ਹਜਾਰ ਡਾਲਰ) ਖਰਚ ਆਇਆ ।
4. ਗੁਰਦੁਆਰਾ ਸਾਹਿਬ ਦਾ ਸਪੀਕਰ ਸਿਸਟਮ / 58,000 (ਅਠਵੰਜਾ ਹਜਾਰ ਡਾਲਰ) ਖਰਚ ਆਇਆ ।
5. ਗੁਰਦੁਆਰਾ ਸਾਹਿਬ ਦੇ ਕੈਮਰੇ / 40,000 (ਚਾਲੀ ਹਜਾਰ ਡਾਲਰ) ਖਰਚ ਆਇਆ ।
6. ਗੁਰਦੁਆਰਾ ਸਾਹਿਬ ਲੰਗਰ ਲਈ ਰੋਟੀਆਂ ਵਾਲੀ ਮਸ਼ੀਨ ਇੰਡੀਆ ਦਾ 5,00,000 (ਪੰਜ ਲੱਖ ਰੁਪਏ) ਖਰਚ ਆਇਆ
7. ਗੁਰਦੁਆਰਾ ਸਾਹਿਬ ਲੰਗਰ ਵਾਸਤੇ ਭਾਂਡੇ ਇੰਡੀਆ 7,00,000 (ਸੱਤ ਲੱਖ ਰੁਪਏ) ਖਰਚ ਆਇਆ
8. ਗੁਰਦੁਆਰਾ ਸਾਹਿਬ ਲਈ ਗੁੰਮਟ ਇੰਡੀਆ 28,00,000 (ਅਠਾਈ ਲੱਖ ਰੁਪਏ) ਖਰਚ ਆਇਆ
9. ਗੁਰਦੁਆਰਾ ਸਾਹਿਬ ਵਿਆਹ ਦੇ ਮਿਲਣੀ ਲਈ ਇਕ ਕਨੈਪੀ $70,000 (ਸਤੱਰ ਹਜਾਰ) ਖਰਚ ਆਇਆ
10. ਗੁਰਦੁਆਰਾ ਸਾਹਿਬ ਵਿਚ 16 ਏ.ਸੀ. ਅਤੇ ਹੀਟ ਸਿਸਟਮ ਲਾਇਆ ਗਿਆ। ਜਿਸ ਤੇ / 1,15,000 (ਇਕ ਲੱਖ ਪੰਦਰਾਂ ਹਜਾਰ ਡਾਲਰ) ਖਰਚ ਆਇਆ।
11. ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦੀ ਸਫਾਈ ਲਈ ਮਸ਼ੀਨ / 11,000 (ਗਿਆਰਾ ਹਜਾਰ ਡਾਲਰ) ਖਰਚ ਆਇਆ ।
12. ਗੁਰਦੁਆਰਾ ਸਾਹਿਬ ਦੀ ਰਸੋਈ ਦੀ ਰੈਨੋਵੇਸ਼ਨ ਤੇ / 20,000 (ਵੀਹ ਹਜਾਰ ਡਾਲਰ) ਖਰਚ ਆਇਆ ।
13. ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦੇ ਨਵੇਂ ਦਰਵਾਜਿਆਂ ਤੇ / 50,000 (ਪੰਜਾਹ ਹਜਾਰ ਡਾਲਰ) ਖਰਚ ਆਇਆ ।
14. ਗੁਰਦੁਆਰਾ ਸਾਹਿਬ ਦੇ ਸਕੂਲ ਦੀ ਨਵੀਂ ਛੱਤ ਤੇ / 30,000 (ਤੀਹ ਹਜਾਰ ਡਾਲਰ) ਖਰਚ ਆਇਆ ।
15. ਹੈਰੀਟੇਂਜ ਦੀ ਸਫਾਈ ਲਈ ਪੇਂਟ, ਲੈਂ ਸਕੇਪਿੰਗ, ਪ੍ਰੈਸਰ ਵਾਸ਼, ਜਿਸ ਤੇ ਕੁਲ ਖਰਚਾ 20-25 ਹਜਾਰ ਡਾਲਰ ਆਉਣਾ ਸੀ । ਉਹ ਟਰੇਡਮੈਨਾਂ ਦੇ ਸਹਿਯੋਗੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਫਰੀ ਕੀਤਾ ਗਿਆ । ਉਪਰੋਕਤ ਸਾਮਾਨ ਦਾ ਖਰਚ ਕਮੇਟੀ ਅਤੇ ਸੰਗਤ ਵੱਲੋਂ ਪੇਅ ਕੀਤਾ ਗਿਆ ਹੈ । 2012 ਵਿਚ ਇਸ ਕਮੇਟੀ ਨੇ ਚਾਰਜ ਲਿਆ ਤਾਂ ਉਸ ਸਮੇਂ ਗੁਰਦੁਆਰਾ ਸਾਹਿਬ ਤੇ / 12,00,000 / (ਬਾਰਾਂ ਲੱਖ ਡਾਲਰ)ਦਾ ਕਰਜਾ ਸੀ । ਹੁਣ ਤੋ ਲੈ ਕੇ 2022 ਤੱਕ / 12,00,000/ (ਬਾਰਾਂ ਲੱਖ ਡਾਲਰ) ਅਤੇ ਸਾਰੇ ਖਰਚੇ ਪੇਅ ਕਰਕੇ ਹੁਣ ਗੁਰਦੁਆਰਾ ਸਾਹਿਬ ਦੇ ਅਕਾਊਟ ਵਿਚ 1,30,000/- (ਇਕ ਲੱਖ ਤੀਹ ਹਜਾਰ ਡਾਲਰ) ਪਿਆ ਹੈ । ਸਾਰੇ ਖਰਚੇ ਪੇਅ ਕਰਕੇ ਹੁਣ ਗੁਰਦੁਆਰਾ ਸਾਹਿਬ ਤੇ ਕਿਸੇ ਕਿਸਮ ਦਾ ਕੋਈ ਲੋਨ ਨਹੀ ਹੈ ।

## ਗੁਰਦਵਾਰਾ ਸਾਹਿਬ ਦੀ ਸੇਵਾ ਮਿਲਣ ਤੋਂ ਬਾਅਦ ਵਾਲੇ ਕੰਮਾਂ ਦਾ ਵੇਰਵਾ:

1. ਗ੍ਰੰਥੀ ਸਿੰਘਾਂ ਦੀ ਰਿਹਾਇਸ਼ ਲਈ ਰੈਨੋਵੇਸ਼ਨ ਦਾ ਕੰਮ ਚਲ ਰਿਹਾ ਹੈ, ਬਹੁਤ ਜਲਦੀ ਕੰਮ ਪੂਰਾ ਹੋ ਜਾਵੇਗਾ।
2. ਗੁਰਦਵਾਰਾ ਸਾਹਿਬ ਦੇ ਪਿਛਲੇ ਲਾਟ ਪਈ ਹੈ, ਉਸ ਵਿੱਚ 3 ਮੰਜ਼ਿਲਾ ਬਿਲਡਿੰਗ ਬਣਾਈ ਜਾਵੇਗੀ ਜਿਸ ਵਿੱਚ ਇਕ ਫਲੋਰ ਬਜ਼ੁਰਗਾਂ ਲਈ ਦੂਜਾ ਫਲੋਰ ਬੀਬੀਆਂ ਲਈ ਅਤੇ ਤੀਜਾ ਫਲੋਰ ਲੋੜਵੰਦਾਂ ਲਈ ਰਿਹਾਇਸ਼ੀ ਕੰਮਰੇ ਬਣਾਏ ਜਾਣਗੇ। ਬਜ਼ੁਰਗਾਂ ਲਈ ਸੀਨੀਅਰ ਸੈਂਟਰ ਬਣਾਇਆ ਜਾਵੇਗਾ, ਇਸ ਲਈ ਫਮਡ ਰਾਖਵੇਂ ਰੱਖੇ ਗਏ ਹਨ।
3. ਕਿਚਨ ਦੀ ਰੈਨੋਵੇਸ਼ਨ ਕਰਕੇ ਇਸ ਨੂੰ ਵੱਡਾ ਕੀਤਾ ਜਾਵੇਗਾ, ਰੋਟੀਆਂ ਬਣਾਉਣ ਵਾਲੀ ਮਸ਼ੀਨ ਵੀ ਚਾਲੂ ਕੀਤੀ ਜਾਵੇਗੀ, ਭਾਡੇ ਧੋਣ ਵਾਲੀ ਮਸ਼ੀਨ ਵੱਡੀ ਕੀਤੀ ਜਾਵੇਗੀ।
4. ਛੋਟੇ ਪ੍ਰੋਗਰਾਮਾਂ ਲਈ ਦਰਬਾਰ ਹਾਲ ਅਤੇ ਕਿਚਨ ਬਣਾਈ ਜਾਵੇਗੀ।
5. ਪੰਜਾਬੀ, ਗੁਰਬਾਣੀ ਅਤੇ ਕੀਰਤਨ ਦੀਆਂ ਕਲਾਸਾਂ ਬਿਲਕੁਲ ਫਰੀ ਦਿੱਤੀਆਂ ਜਾਣਗੀਆਂ।
6. ਗੁਰੂ ਗ੍ਰੰਥ ਸਾਹਿਬ ਜੀ ਨੂੰ ਘਰ ਲੈਕੇ ਜਾਣ ਵਾਸਤੇ ਨਵੀਂ ਗੱਡੀ ਲਈ ਜਾਵੇਗੀ।
7. ਗੁਰਦਵਾਰਾ ਸਾਹਿਬ ਲਈ ਨਵੇਂ ਗੁੰਮਟਾਂ ਦਾ ਕੰਮ 22 ਫਰਵਰੀ 2023 ਤੋਂ ਸ਼ੁਰੂ ਹੋ ਜਾਵੇਗਾ
8. ਗੁਰਦਵਾਰਾ ਨੂੰ ਮਨਮੋਹਕ ਬਣਾਉਣ ਲਈ ਨਵੀ ਲੈਡਸਕੇਪਿੰਗ ਕੀਤੀ ਜਾਵੇਗੀ।
9. ਗੁਰਦਵਾਰਾ ਸਾਹਿਬ ਦੇ ਕਿਸੇ ਕੰਮ ਲਈ ਕੋਈ ਵੀ ਕਰਜ਼ਾ ਨਹੀ ਲਿਆ ਜਾਵੇਗਾ, ਸਾਰੇ ਕੰਮ ਸੰਗਤ ਦੇ ਸਹਿਯੋਗ ਕੀਤੇ ਜਾਣਗੇ।
10. ਗੁਰਦਵਾਰਾ ਸਾਹਿਬ ਦੇ ਨਾਲ ਲਗਦੀ ਪ੍ਰਾਪਰਟੀ ਵਾਲਿਆਂ ਨੂੰ ਸਰੀਆ ਪਾਉਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*25 ਫਰਵਰੀ ਦਿਨ ਸ਼ਨਿਚਰਵਾਰ ਮਾਤਾ ਕੁਲਵਿੰਦਰ ਕੌਰ ਜੀ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ।

*25 ਫਰਵਰੀ ਦਿਨ ਸ਼ਨਿਚਰਵਾਰ ਸ. ਰਣਧੀਰ ਸਿੰਘ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

*26 ਫਰਵਰੀ ਦਿਨ ਐਤਵਾਰ ਹਫਤਾਵਾਰੀ ਵਿਸ਼ੇਸ਼ ਦੀਵਾਨ ਸਜਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ: 1. ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ 2. ਭਾਈ ਰੇਸ਼ਮ ਸਿੰਘ ਲੁਧਿਆਣੇ ਵਾਲੇ

*ਕਥਾ ਵਾਚਕ -ਭਾਈ ਮਨਜੀਤ ਸਿੰਘ ਚਕਰ *ਕਵੀਸ਼ਰ ਭਾਈ ਵੀਰਭਾਨ ਸਿੰਘ ਮੌੜ ਮਾਲਵਾ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ




**24 ਫਰਵਰੀ ਦਿਨ ਸ਼ੁੱਕਰਵਾਰ**

*ਸਵੇਰੇ 10 ਵਜੇ ਅਰੰਭ 4 ਸ੍ਰੀ ਅਖੰਡ ਪਾਠ ਸਾਹਿਬ

1. ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਕਰਨਵੀਰ ਸਿੰਘ ਅਤੇ ਸਮੂਹ ਪਰਿਵਾਰ ਵੱਲੋਂ
2. ਅਖੰਡਪਾਠ ਸਾਹਿਬ ਦੀ ਸੇਵਾ ਰਵਨੀਤ ਕੌਰ, ਭਾਈ ਸੋਹਣ ਸਿੰਘ ਪਰਿਵਾਰ ਵੱਲੋਂ
3. ਅਖੰਡਪਾਠ ਸਾਹਿਬ ਲਵਪ੍ਰੀਤ ਸਿੰਘ ਪਰਿਵਾਰ ਵੱਲੋਂ
4. ਅਖੰਡਪਾਠ ਸਾਹਿਬ ਇਕਬਾਲ ਸਿੰਘ ਅਟਵਾਲ ਪਰਿਵਾਰ ਵਲੋਂ

*ਸਵੇਰੇ 11 ਵਜੇ ਪਾਠ ਸੁਖਮਨੀ ਸਾਹਿਬ ਮਲੂਕ ਸਿੰਘ ਅਤੇ ਪਰਿਵਾਰ ਵੱਲੋਂ

**25 ਫਰਵਰੀ ਦਿਨ ਸ਼ਨਿਚਰਵਾਰ**

*ਸਵੇਰੇ 9.30 ਵਜੇ ਪਾਠ ਸੁਖਮਨੀ ਸਾਹਿਬ ਮਨਰੂਪ ਸਿੰਘ ਪਰਿਵਾਰ ਵੱਲੋਂ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*ਸਵੇਰੇ 11 ਵਜੇ ਪਾਠ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਮੱਖਣ ਸਿੰਘ ਪਰਿਵਾਰ ਵੱਲੋਂ

*ਦੁਪਹਿਰ 12 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸਹਿਬਾਜ ਸਿੰਘ ਪਰਿਵਾਰ ਵੱਲੋਂ

*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ ਬਲਜਿੰਦਰ ਸਿੰਘ ਪਰਿਵਾਰ ਵੱਲੋਂ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ ਹਰਵਿੰਦਰ ਸਿੰਘ ਪਰਿਵਾਰ ਵੱਲੋਂ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*ਦਾਹ ਸਸਕਾਰ ਰੋਬਿਨ ਸਿੰਘ ਜੰਜੂਆ ਸਵੇਰੇ 10 ਵਜੇ ਰਿਵਰਸਾਇਡ ਵਿਖੇ ਹੋਵੇਗਾ।ਗੁਰਦੁਆਰਾ ਸਾਹਿਬ ਵਿਖੇ 12 ਵਜੇ ਸ੍ਰੀ ਸਹਿਜਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

**26 ਫਰਵਰੀ ਦਿਨ ਐਤਵਾਰ**

*ਸਵੇਰੇ 8.30 ਵਜੇ ਭੋਗ 4 ਸ੍ਰੀ ਅਖੰਡ ਪਾਠ ਸਾਹਿਬ ਪੈਣਗੇ।




ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਜਸਪ੍ਰੀਤ ਸਿੰਘ ਜੀ, ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
ਰਾਗੀ ਜਥਾ ਭਾਈ ਵਿਕਰਮਜੀਤ ਸਿੰਘ (ਸ੍ਰੀ ਦਰਬਾਰ ਸਾਹਿਬ ਵਾਲੇ)

## ਕਥਾਵਾਚਕ

ਭਾਈ ਗੁਰਪ੍ਰੀਤ ਸਿੰਘ (ਦਮਦਮੀ ਟਕਸਾਲ ਵਾਲੇ)

## ਢਾਡੀ ਜਥਾ

ਭਾਈ ਜਸਵਿੰਦਰ ਸਿੰਘ ਸ਼ਾਂਤ ਜੀ

# ਪਖੰਡੀ ਡੇਰੇਦਾਰਾਂ ਦੀ ਫੈਕਟਰੀ ਬਣੇ ਭ੍ਰਿਸ਼ਟ ਸੱਤਾਧਾਰੀ

## ਹਿੰਦੂ ਵਿਰੋਧੀਆਂ ਨੂੰ ਬੁਲਡੋਜ਼ਰ ਨਾਲ਼ ਕੁਚਲਣ ਦੀਆਂ ਧਮਕੀਆਂ ਦੇਣ ਵਾਲਾ ਸਾਧ ਧੀਰੇਂਦਰ ਸ਼ਾਸ਼ਤਰੀ ਭਾਜਪਾ ਦੀ ਉਪਜ

## ਗੋਦੀ ਮੀਡੀਆ ਪਖੰਡੀ ਡੇਰਿਆਂ ਤੇ ਡੇਰਾ ਪਾਲਕ ਹਾਕਮ ਜਮਾਤ ਦਾ ਸੰਦ ਬਣਿਆ

ਭਾਰਤ ਵਿਚ ਅੰਧ-ਵਿਸ਼ਵਾਸ਼ਾਂ ਤੇ ਡੇਰਾਵਾਦ ਦੀ ਜਕੜ ਬਹੁਤ ਮਜਬੂਤ ਹੈ। ਭਾਵੇਂ ਭਾਰਤੀ ਸੰਵਿਧਾਨ ਧਰਮ ਨਿਰਪੱਖਤਾ ਦਾ ਦਾਅਵਾ ਕਰਦਾ ਹੈ ਪਰ ਅਮਲ ਵਿੱਚ ਸੱਤ੍ਹਾ ਤੇ ਧਰਮ ਦਾ ਗੱਠਜੋੜ ਹਾਲੇ ਵੀ ਬਹੁਤ ਡੂੰਘਾ ਹੈ। ਇਸੇ ਕਰਕੇ ਇੱਥੇ ਫਿਰਕੂ ਸਿਆਸਤ ਦੀ ਜਮੀਨ ਕਾਫੀ ਜਰਖੇਜ ਹੈ। ਇੱਥੇ ਬਾਬਿਆਂ, ਸੰਤਾਂ ਤੇ ਡੇਰਿਆਂ ਦੀ ਭਰਮਾਰ ਹੈ ਜਿਹੜੇ ਪਹਿਲਾਂ ਵਾਂਗ ਲੋਕਾਂ ਨੂੰ ਅੰਧ-ਵਿਸ਼ਵਾਸ਼ਾਂ ਵਿੱਚ ਫਸਾਈ ਰੱਖਦੇ ਹਨ। ਆਧੁਨਿਕ ਯੁੱਗ ਦੀ ਇਹ ਸੰਤਗਿਰੀ ਇੱਕ ਪਾਸੇ ਵੱਡਾ ਕਮਾਈ ਕਰਨ ਵਾਲਾ ਧੰਦਾ ਵੀ ਹੈ ਤੇ ਦੂਜੇ ਪਾਸੇ ਇਹ ਸੱਤ੍ਹਾ ਨਾਲ਼ ਵੀ ਘਿਉ-ਖਿਚੜੀ ਹੋਈ ਦਿਸਦੀ ਹੈ। ਅਜਿਹਾ ਹੀ ਇੱਕ ਬਾਬਾ ਇਹਨਾਂ ਦਿਨਾਂ ਵਿੱਚ ਮੁੱਖ ਧਾਰਾ ਦੇ ਮੀਡੀਆ, ਖਾਸ ਕਰਕੇ ਟੀਵੀ ਦੇ ਖਬਰੀ ਚੈਨਲਾਂ ਉੱਪਰ ਛਾਇਆ ਰਿਹਾ ਹੈ। ਛਾਇਆ ਨਹੀਂ ਸਗੋਂ ਉਭਾਰਿਆ ਗਿਆ ਹੈ। ਇਹ ਬਾਬਾ 26 ਸਾਲ ਦਾ ਧੀਰੇਂਦਰ ਸ਼ਾਸ਼ਤਰੀ ਹੈ ਜੋ ਮੱਧ ਪ੍ਰਦੇਸ਼ ਦੇ ਛੱਤਰਪੁਰੇ ਜ਼ਿਲ੍ਹਾ ਦੇ ਪਿੰਡ ਗਡਾ ਤੋਂ ਉੱਠ ਕੇ ਆਇਆ ਹੈ। ਇਸਨੂੰ ਬਗੇਸ਼ਵਰ ਧਾਮ ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ। ਇਸਨੇ ਬਾਬਾਗਿਰੀ ਦਾ ਇਹ ਧੰਦਾ ਪਿਛਲੇ 4-5 ਸਾਲਾਂ ਤੋਂ ਮੱਧਪ੍ਰਦੇਸ਼ ਵਿੱਚ ਸ਼ੁਰੂ ਕੀਤਾ ਹੋਇਆ ਹੈ। ਇਸ ਦੌਰਾਨ ਉਸਨੇ ਕਈ ਸਿਆਸੀ ਲੀਡਰਾਂ, ਖਾਸ ਕਰਕੇ ਭਾਜਪਾ ਨਾਲ਼ ਨੇੜਤਾ ਵਧਾਈ ਹੈ। ਬਹੁਤ ਸਾਰੇ ਭਾਜਪਾ ਆਗੂ ਅਕਸਰ ਉਸਦੇ ਡੇਰੇ ਉੱਪਰ ਜਾਂਦੇ ਦੇਖੇ ਜਾ ਸਕਦੇ ਹਨ। ਇਹ ਇਸਦੀ ਚੌਂਕੀ ਭਰਨ ਆਏ ਲੋਕਾਂ ਵਿੱਚੋਂ ਕਿਸੇ ਨੂੰ ਕੋਲ਼ ਸੱਦ ਕੇ ਉਸਦੇ ਨਾਮ, ਪਰਿਵਾਰਕ ਪਿਛੋਕੜ, ਬਿਮਾਰੀ ਤੇ ਹੋਰ ਸਮੱਸਿਆਵਾਂ ਬਾਰੇ ਦੱਸਣ ਦੀ ਜਾਦੂਗਿਰੀ ਕਰਦਾ ਹੈ। ਇਸ ਜਾਦੂਗਿਰੀ ਨੂੰ ਉਹ ਹਨੂੰਮਾਨ ਦੀ ਕਿਰਪਾ ਨਾਲ਼ ਹੋਇਆ ਚਮਤਕਾਰ ਦੱਸਦਾ ਹੈ। ਭਾਜਪਾ ਦੀ ਮੀਡੀਆ ਦੇ ਥਾਪੜੇ ਸਦਕਾ ਉਸਦਾ ਧੰਦਾ ਚੰਗਾ ਚਮਕਿਆ ਹੋਇਆ ਹੈ। ਪਿਛਲੇ ਸਾਲ ਵੀ ਇਹ ਥੋੜ੍ਹਾ ਚਰਚਾ ਵਿੱਚ ਆਇਆ ਸੀ ਜਦੋਂ ਇਸਨੇ ਪੈਰੀਂ ਹੱਥ ਲਾ ਰਹੇ ਇੱਕ ਵਿਅਕਤੀ ਨੂੰ ਕਿਹਾ ਸੀ ਕਿ "ਮੈਨੂੰ ਨਾ ਛੂਹ, ਤੂੰ ਅਛੂਤ ਹੈਂ।" ਪਿਛਲੇ ਕੁੱਝ ਸਮੇਂ ਤੋਂ ਆਪਣੀਆਂ ਧਾਰਮਿਕ ਸਭਾ ਵਿੱਚ ਇਹ ਸਿਆਸੀ ਟੀਕਾ-ਟਿੱਪਣੀਆਂ ਕਰਨ ਲੱਗਿਆ ਹੋਇਆ ਹੈ ਜਿਸ ਕਰਕੇ ਮੀਡੀਆ ਇਸਨੂੰ ਚਰਚਾ ਦਾ ਕੇਂਦਰ ਬਣਾ ਰਿਹਾ ਹੈ। ਇਸ ਵੇਲੇ ਇਹ ਛੱਤੀਸਗੜ੍ਹ ਵਿੱਚ ਕਾਫੀ ਸਰਗਰਮ ਹੈ। ਛੱਤੀਸਗੜ ਵਿੱਚ ਇਸ ਵੇਲੇ ਕਾਂਗਰਸ ਦੀ ਸਰਕਾਰ ਹੈ ਤੇ ਕੁੱਝ ਮਹੀਨਿਆਂ ਵਿੱਚ ਇੱਥੇ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਸ ਮੌਕੇ ਚੋਣਾਂ ਲਈ ਭਾਜਪਾ ਦੇ ਹੱਕ ਵਿੱਚ ਫਿਰਕੂ ਅਧਾਰ 'ਤੇ ਕਤਾਰਬੰਦੀ ਕਰਨ ਵਿੱਚ ਧੀਰੇਂਦਰ ਸ਼ਾਸ਼ਤਰੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਹ ਆਖਦਾ ਹੈ ਕਿ ਇਸਾਈ ਇੱਥੇ "ਜਬਰੀ" ਧਰਮ ਪਰਿਵਰਤਨ ਕਰ ਰਹੇ ਹਨ ਤੇ ਇਹਦੇ ਲਈ ਉਹ ਕਾਂਗਰਸ ਸਰਕਾਰ ਨੂੰ ਦੋਸ਼ੀ ਦੱਸਦਾ ਹੈ ਤੇ ਆਪਣੇ ਬਾਰੇ ਉਹ ਕਹਿੰਦਾ ਹੈ ਕਿ ਮੈਂ ਉਹਨਾਂ ਦੀ "ਘਰ ਵਾਪਸੀ" ਲਈ ਕੰਮ ਕਰ ਰਿਹਾ ਹੈ। ਸਤਾਨਤੀ ਹਿੰਦੂਆਂ ਨੂੰ ਚਾਹੀਦਾ ਹੈ ਕਿ ਉਹ ਇਸਾਈਆਂ ਨੂੰ ਸਬਕ ਸਿਖਾਉਣ। ਮੁਸਲਮਾਨਾਂ ਖਿਲਾਫ ਉਹ ਆਖਦਾ ਹੈ, "ਹਿੰਦੂਆਂ 'ਤੇ ਪੱਥਰ ਚਲਾਉਣ ਵਾਲ਼ਿਆਂ ਨੂੰ ਬੁਲਡੋਜਰ ਨਾਲ਼ ਕੁਚਲਣਾ ਪਵੇਗਾ", ਅਤੇ "ਸਰਕਾਰ ਕਦੋਂ ਤੱਕ ਬੁਲਡੋਜਰ ਨਾਲ਼ ਢਾਹੁੰਦੀ ਰਹੇਗੀ, ਹਿੰਦੂਆਂ ਨੂੰ ਢਾਹੁਣਾ ਪਵੇਗਾ।" ਉਹ ਇਹ ਵੀ ਸੱਦਾ ਦਿੰਦਾ ਹੈ ਕਿ "ਤੁਸੀਂ ਮੇਰਾ ਸਾਥ ਦਿਉ, ਆਪਾਂ ਹਿੰਦੂ ਰਾਸ਼ਟਰ ਬਣਾਵਾਂਗੇ।" ਮਤਲਬ ਅੱਜ ਕੱਲ੍ਹ ਉਹ ਪੂਰੀ ਤਰ੍ਹਾਂ ਇਸਾਈ, ਮੁਸਲਮਾਨ ਵਿਰੋਧੀ ਤੇ ਹਿੰਦੂ ਰਾਸ਼ਟਰ ਬਾਉਣ ਦੀ ਸੰਘ-ਭਾਜਪਾ ਦੀ ਸਿਖਾਈ ਬੋਲੀ ਬੋਲ ਰਿਹਾ ਹੈ। ਉਹਨਾਂ ਦੇ ਇਸ਼ਾਰੇ ਉੱਪਰ ਹੀ ਮੀਡੀਆ ਇਸਨੂੰ ਚਰਚਾ ਦਾ ਵਿਸ਼ਾ ਬਣਾ ਰਿਹਾ ਹੈ। ਹੈਰਾਨੀ ਦੀ ਗੱਲ ਨਹੀਂ ਕਿ ਮੀਡੀਆ ਦੇ ਜਿਹੜੇ ਚੈਨਲ ਖਾਸ ਤੌਰ 'ਤੇ ਭਾਜਪਾ ਦੇ ਧੁਤੂ ਬਣੇ ਹੋਏ ਹਨ ਉਹੀ ਇਸੇ ਬਾਬੇ ਬਾਰੇ ਜੋਰ-ਸ਼ੋਰ ਨਾਲ਼ ਚਰਚਾ ਕਰ ਰਹੇ ਹਨ।



ਪਿਛਲੇ ਦਿਨੀਂ ਇਸਨੇ ਮਹਾਂਰਾਸ਼ਟਰ ਵਿੱਚ ਆਪਣਾ ਕੁੱਝ ਦਿਨ ਲਗਾਤਾਰ ਚੱਲਣ ਵਾਲ਼ਾ ਬਾਬਾਗਿਰੀ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ। ਇਸ ਵੱਲੋਂ "ਚਮਤਕਾਰ" ਦੇ ਦਾਅਵਿਆਂ ਦੇ ਜਦ ਗੋਦੀ ਮੀਡੀਆ ਨੇ ਕਸੀਦੇ ਪੜ੍ਹਨੇ ਸ਼ੁਰੂ ਕਰ ਦਿੱਤੇ ਤਾਂ ਅਖਿਲ ਭਾਰਤੀ ਅੰਧ-ਵਿਸ਼ਵਾਸ਼ ਨਿਰਮੂਲਨ ਸਮਿਤੀ ਦੇ ਆਗੂ ਪ੍ਰੋ. ਸ਼ਿਆਮ ਮਾਨਵ ਨੇ ਚੁਣੌਤੀ ਦਿੱਤੀ ਹੈ ਕਿ ਉਹਨਾਂ ਦੀਆਂ ਸ਼ਰਤਾਂ ਤਹਿਤ ਚਮਤਕਾਰ ਕਰਕੇ ਦਿਖਾਵੇ। ਇਸ ਚੁਣੌਤੀ ਤੋਂ ਬੌਖਲਾਏ ਸ਼ਾਸ਼ਤਰੀ ਨੇ ਮੀਡੀਆ ਵਿੱਚ ਕਈ ਬੜਕਾਂ ਮਾਰੀਆਂ ਪਰ ਪ੍ਰੋ. ਸ਼ਿਆਮ ਮਾਨਵ ਦੀਆਂ ਚੁਣੌਤੀਆਂ ਕਬੂਲ ਕਰਨ ਦਾ ਜੇਰਾ ਨਾ ਕਰ ਸਕਿਆ। ਸਗੋਂ ਡਰੇ ਹੋਏ ਨੇ ਆਪਣਾ ਨਾਗਪੁਰ ਦਾ ਪ੍ਰੋਗਰਾਮ ਮਿੱਥੇ ਵਕਤ ਤੋਂ ਕੁੱਝ ਦਿਨ ਪਹਿਲਾਂ ਹੀ ਖਤਮ ਕਰਕੇ ਮੁੜ ਛਤੀਸਗੜ੍ਹ ਜਾ ਬੈਠਾ। ਇਸ ਬਾਬੇ ਦੇ ਸ਼ਰਧਾਲੂਆਂ ਜਾਂ ਇਸਦੇ ਹਮਾਇਤੀ ਕੁੱਝ ਸਿਆਸੀ ਲੀਡਰਾਂ ਵੱਲ ਝਾਤ ਮਾਰਨ ਦੀ ਲੋੜ ਹੈ। ਇਹਨਾਂ ਵਿੱਚ ਭਾਜਪਾ ਦਾ ਕੇਂਦਰ ਮੰਤਰੀ ਨਿਤਨ ਗਡਕਰੀ, ਮਹਾਂਰਾਸ਼ਟਰ ਦਾ ਉੱਪ ਮੁੱਖ ਮੰਤਰੀ ਦਵਿੰਦਰ ਫੜਨਵੀਸ, ਛਤੀਸਗੜ੍ਹ ਤੋਂ ਭਾਜਪਾ ☞


**The Builder's Direct**

Experienced & Honest

**Bath & Kitchen Fixtures**



Wholesale price to public

**We carry all major brands**

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

**604-593-7755**

12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL **HOMEOPATHIC** SOLUTIONS

Homeopathic Natural Products And Consultations

- Stress
- Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

- Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਮੋਦੀ ਸਰਕਾਰ ਨੇ ਰਾਜਾਂ ਨੂੰ ਪੈਨਸ਼ਨ ਦੇ ਪੈਸੇ ਦੇਣ ਤੋਂ ਕੀਤੇ ਹੱਥ ਖੜ੍ਹੇ

ਜੈਪੁਰ;-ਰਾਜਸਥਾਨ ਸਮੇਤ ਕਈ ਰਾਜਾਂ ਵੱਲੋਂ ਆਪਣੇ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ (ਓਪੀਐੱਸ) ਨੂੰ ਬਹਾਲ ਕਰਨ ਦੇ ਕੀਤੇ ਐਲਾਨ ਸਬੰਧੀ ਕੇਂਦਰ ਨੇ ਮੁੜ ਸਪੱਸ਼ਟ ਕੀਤਾ ਹੈ ਕਿ ਨਵੀਂ ਪੈਨਸ਼ਨ ਸਕੀਮ (ਐੱਨਪੀਐੱਸ) ਤਹਿਤ ਜਮ੍ਹਾਂ ਕੀਤੇ ਪੈਸੇ ਰਾਜਾਂ ਨੂੰ ਵਾਪਸ ਨਹੀਂ ਕੀਤੇ ਜਾਣਗੇ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਵਿੱਤੀ ਸੇਵਾਵਾਂ ਦੇ ਸਕੱਤਰ ਵਿਵੇਕ ਜੋਸ਼ੀ ਦੋਵਾਂ ਨੇ ਇੱਥੇ ਕਿਹਾ ਕਿ ਜੇ ਕੋਈ ਰਾਜ ਸਰਕਾਰ ਇਹ ਉਮੀਦ ਕਰ ਰਹੀ ਹੈ ਕਿ ਐੱਨਪੀਐੱਸ ਲਈ ਜਮ੍ਹਾਂ ਕੀਤਾ ਪੈਸਾ ਉਨ੍ਹਾਂ ਨੂੰ ਵਾਪਸ ਕਰ ਦਿੱਤਾ ਜਾਵੇਗਾ ਤਾਂ ਇਹ ਅਸੰਭਵ ਹੈ।

# ਕੌਮਾਂਤਰੀ ਵਿਦਿਆਰਥੀਆਂ ਦੇ ਹੱਕ ਵਿਚ ਕੈਨੇਡੀਅਨ ਅਦਾਲਤ ਦਾ ਵੱਡਾ ਫ਼ੈਸਲਾ

ਟੋਰਾਂਟੋ:ਕੈਨੇਡਾ ਦੇ ਸਟੱਡੀ ਵੀਜ਼ਾ ਲਈ ਕਾਲਜ ਜਾਂ ਯੂਨੀਵਰਸਿਟੀ ਦੀ ਫ਼ੀਸ ਪੇਸ਼ਗੀ ਤੌਰ ’ਤੇ ਭਰਨੀ ਹੁਣ ਲਾਜ਼ਮੀ ਨਹੀਂ। ਜੀ ਹਾਂ, ਕੌਮਾਂਤਰੀ ਵਿਦਿਆਰਥੀਆਂ ਦੇ ਹੱਕ ਵਿਚ ਵੱਡਾ ਫੈਸਲਾ ਸੁਣਾਉਂਦਿਆਂ ਕੈਨੇਡਾ ਦੀ ਇਕ ਅਦਾਲਤ ਨੇ ਕਿਹਾ ਹੈ ਕਿ ਸਟੱਡੀ ਵੀਜ਼ਾ ਲਈ ਅਰਜ਼ੀ ਦਾਖਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਿਰਫ਼ ਇਹ ਸਾਬਤ ਕਰਨਾ ਹੋਵੇਗਾ ਕਿ ਉਨ੍ਹਾਂ ਨੂੰ ਸਬੰਧਤ ਵਿਦਿਅਕ ਅਦਾਰੇ ਵਿਚ ਦਾਖ਼ਲੇ ਲਈ ਹਰੀ ਝੰਡੀ ਮਿਲ ਗਈ ਹੈ।

ਦਾ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਸਮੇਤ ਕਈ ਸੂਬਾਈ ਤੇ ਕੇਂਦਰੀ ਆਗੂ ਸ਼ਾਮਲ ਹਨ। ਇਸ ਤੋਂ ਬਿਨਾਂ ਰਾਸ਼ਟਰੀ ਸਵੈਸੇਵਕ ਸੰਘ ਦਾ ਵਿੰਗ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸੰਘ ਦਾ ਹੱਥਠੋਕਾ ਬਾਬਾ ਰਾਮਦੇਵ ਵੀ ਇਸਦੇ ਹੱਕ ਵਿੱਚ ਹੈ। ਇਉਂ ਇਹ ਬਾਬਾ ਇਸ ਗੱਲ ਦਾ ਸਬੂਤ ਹੈ ਕਿ ਸਭ ਸਿਆਸੀ ਪਾਰਟੀਆਂ ਤੇ ਖਾਸ ਤੌਰ ’ਤੇ ਭਾਜਪਾ ਦਾ ਕਿਵੇਂ ਅਧਿਆਤਮਕ ਠੱਗਾਂ, ਮਦਾਰੀਆਂ, ਬਾਬਿਆਂ ਨਾਲ਼ ਕਿੰਨਾ ਡੂੰਘਾ ਰਿਸ਼ਤਾ ਹੈ।ਭਾਜਪਾ ਨਾਲ਼ ਸਬੰਧ ਰੱਖਣ ਵਾਲ਼ੇ ਅਜਿਹੇ ਬਾਬਿਆਂ ਦੀ ਸੂਚੀ ਕਾਫੀ ਲੰਬੀ ਹੈ। ਇਹਨਾਂ ਵਿੱਚ 2013 ਤੋਂ ਇੱਕ ਨਾਬਾਲਿਗ ਨਾਲ਼ ਬਲਾਤਕਾਰ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਕੈਦ ਆਸਾਰਮ ਬਾਪੂ, ਜੇਲ੍ਹ ਚ ਬੈਠਾ ਸਤਲੋਕ ਆਸ਼ਰਮ ਦਾ ਸੰਤ ਰਾਮਪਾਲ, ਮੱਧਵਰਗੀ ਬਾਬਾ ਸ਼੍ਰੀ ਸ਼੍ਰੀ ਰਵੀ ਸ਼ੰਕਰ, ਬਾਬਾ ਰਾਮਦੇਵ, ਸਾਧਵੀ ਪ੍ਰੱਗਿਆ ਠਾਕੁਰ, ਨਿਤਿਆਨੰਦ ਤੇ ਰਾਮਭੱਦਰਾਚਾਰੀਆ ਜਿਹੇ ਸੈਂਕੜੇ ਛੋਟੇ-ਵੱਡੇ ਬਾਬੇ, ਸਾਧ ਸ਼ਾਮਲ ਹਨ। ਯੋਗੀ ਅਦਿਤਿਆਨਾਥ ਤਾਂ ਭਾਜਪਾ ਵੱਲੋਂ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਿਆ ਬੈਠਾ ਹੈ। 2015 ਵਿੱਚ ਹਰਿਆਣਾ ਸਰਕਾਰ ਨੇ ਬਾਬਾ ਰਾਮਦੇਵ ਨੂੰ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ ਸੀ ਤਾਂ ਉਸਨੇ ਇਹ ਆਖ ਕੇ ਠੁਕਰਾ ਦਿੱਤੀ ਕਿ “ਹੁਣ ਤਾਂ ਪ੍ਰਧਾਨ ਮੰਤਰੀ ਵੀ ਆਪਣਾ, ਸਾਰੀ ਕੈਬਨਿਟ ਆਪਣੀ, ਹਰਿਆਣੇ ਦਾ ਮੁੱਖ ਮੰਤਰੀ ਵੀ ਆਪਣਾ, ਮੈਨੂੰ ਬਾਬਾਗਿਰੀ ਕਰ ਲੈਣ ਦਿਉ।” ਹਰਿਆਣੇ ਦਾ ਡੇਰਾ ਸਰਸਾ ਮੁਖੀ ਨੂੰ ਭਾਜਪਾ ਸਰਕਾਰ ਨੇ ਪਹਿਲਾਂ ਪੰਜਾਬ ਚੋਣਾਂ ਵੇਲੇ ਪੈਰੋਲ ਦਿੱਤੀ ਸੀ ਹੁਣ ਪਿਛਲੇ ਇੱਕ ਸਾਲ ਵਿੱਚ ਉਸਨੂੰ ਚਾਰ ਵਾਰ ਪੈਰੋਲ ਦਿੱਤੀ ਜਾ ਚੁੱਕੀ ਹੈ। ਮਤਲਬ ਅਗਲੀਆਂ ਚੋਣਾਂ ਵਿੱਚ ਉਸਨੂੰ ਵੋਟਾਂ ਝਟਕਾਉਣ ਲਈ ਸ਼ਿੰਗਾਰਿਆ ਜਾ ਰਿਹਾ ਹੈ।ਇਉਂ ਜਿਆਦਾਤਰ ਸਾਰੇ ਧਾਰਮਿਕ ਡੇਰੇ, ਸਾਧ, ਸੰਤ ਸਰਮਾਏਦਾਰਾ ਸਿਆਸਤ ਨਾਲ਼ ਗੱਠਜੋੜ ਅਤੇ ਵੋਟ ਪਾਰਟੀਆਂ ਦੀ ਸਿਆਸੀ ਸ਼ਹਿ ’ਤੇ ਹੀ ਪਲ਼ਦੇ-ਫੁੱਲਦੇ ਹਨ। ਸਰਮਾਏਦਾਰਾ ਸਿਆਸੀ ਪਾਰਟੀਆਂ ਲਈ ਡੇਰੇ, ਸਾਧ, ਸੰਤ ਤੇ ਧਰਮ ਗੁਰੂ ਆਦਿ ਚੋਣਾਂ ਜਿੱਤਣ ਬਹੁਤ ਮਜਬੂਤ ਵੋਟ ਬੈਂਕ ਹਨ, ਦੂਜਾ ਲੋਕਾਂ ਵਿੱਚ ਪਛਾਣ ਬਣਾਉਣ ਤੇ ਆਪਣੀ ਸਾਖ ਸੁਧਾਰਨ ਦਾ ਵੀ ਸਾਧਨ ਹਨ। ਇਸ ਤੋਂ ਬਿਨਾਂ ਇਹ ਲੋਕਾਂ ਨੂੰ ਵੰਡੀ ਰੱਖਣ, ਨਿਸੱਤੇ ਕਰਨ ਦਾ ਸਾਧਨ ਹਨ। ਇਹਨਾਂ ਧਾਰਮਿਕ ਗੁਰੂਆਂ, ਡੇਰਿਆਂ ਤੇ ਸਾਧਾਂ, ਸੰਤਾਂ ਨੂੰ ਸਿਆਸੀ ਸਾਂਝ-ਭਿਆਲੀ ਦਾ ਇਹ ਫਾਇਦਾ ਹੁੰਦਾ ਹੈ ਕਿ ਉਹਨਾਂ ਨੂੰ ਕਨੂੰਨੀ ਤੌਰ ’ਤੇ ਤੰਗ ਨਹੀਂ ਕੀਤਾ ਜਾਂਦਾ ਸਗੋਂ ਸਰਕਾਰੀ ਤੇ ਹੋਰ ਵਿਰੋਧੀ ਧਿਰਾਂ ਤੋਂ ਸਿਆਸੀ ਤਾਕਤ ਇਹਨਾਂ ਦੀ ਰਾਖੀ ਕਰਦੀ ਹੈ, ਦੂਜਾ ਇਸ ਨਾਲ਼ ਉਹਨਾਂ ਦੇ ਸ਼ਰਧਾਲੂਆਂ ਅਤੇ ਆਮਦਨ ਦਾ ਘੇਰਾ ਵੀ ਵਧਦਾ ਹੈ। ਉਂਝ ਤਾਂ ਸਾਰੀਆਂ ਹੀ ਸਰਮਾਏਦਾਰਾ ਸਿਆਸੀ ਪਾਰਟੀਆਂ ਦੀ ਵੱਖੋ-ਵੱਖਰੇ ਡੇਰਿਆਂ, ਧਾਰਮਿਕ ਗੁਰੂਆਂ ਤੇ ਸਾਧਾਂ, ਸੰਤਾਂ ਨਾਲ਼ ਸਾਂਝ-ਭਿਆਲੀ ਹੈ ਪਰ ਭਾਜਪਾ ਬਿਨਾਂ ਸ਼ੱਕ ਇਸ ਮਾਮਲੇ ਵਿੱਚ ਸਭ ਤੋਂ ਅੱਗੇ ਹੈ।ਹਾਕਮ ਜਮਾਤ ਦੇ ਮੀਡੀਆ ਵਿੱਚ ਸਰਮਾਏਦਾਰਾਂ ਦੇ ਵਿਚਾਰਧਾਰਕ ਦਾਬੇ ਤੇ ਉਹਨਾਂ ਦੀ ਸਿਆਸਤ ਅੱਗੇ ਵਧਾਉਣ ਦਾ ਸੰਦ ਹੁੰਦਾ ਹੈ। ਇਸ ਕਰਕੇ ਇਹ ਮੀਡੀਆ ਤਰਕਸ਼ੀਲ, ਜਮਹੂਰੀ ਕਦਰਾਂ ਦਾ ਪਸਾਰ ਨਹੀਂ ਕਰਦਾ ਸਗੋਂ ਅੰਧ-ਵਿਸ਼ਵਾਸ਼, ਪਛੜੇਵੇਂ, ਫਿਰਕੂ ਜਨੂੰਨ ਤੇ ਇਹਨਾਂ ਬਾਬਿਆਂ ਦੇ ਹੱਕ ਵਿੱਚ ਲੋਕ ਰਾਇ ਬਣਾਉਣ ਦਾ ਹੀ ਕੰਮ ਕਰਦਾ ਹੈ। ਰਵੀ ਸ਼ੰਕਰ, ਰਾਮਦੇਵ, ਨਿਰਮਲ ਬਾਬਾ ਤੇ ਹੁਣ ਧੀਰੇਂਦਰ ਸ਼ਾਸ਼ਤਰੀ ਵਰਗੇ ਅਜੋਕੇ ਯੁੱਗ ਦੇ ਇਹਨਾਂ ਬਾਬਿਆਂ ਦਾ ਧੰਦਾ ਫੈਲਾਉਣ ’ਚ ਇਸ ਮੀਡੀਆ ਨੇ ਤਨਦੇਹੀ ਨਾਲ਼ ਭੂਮਿਕਾ ਨਿਭਾਈ ਹੈ ਤੇ ਨਿਭਾਉਂਦਾ ਰਿਹਾ ਹੈ।ਜਿਹੜੇ ਸਮਾਜ ਦੀ ਬੁਨਿਆਦੀ ਹੀ ਗੈਰ-ਬਰਾਬਰੀ, ਲੁੱਟ ਤੇ ਜਬਰ ਉੱਪਰ ਟਿਕੀ ਹੋਵੇ ਉੱਥੇ ਲੋਕਾਂ ਨੂੰ ਪਛੜੇਵੇਂ, ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਧਰਮ ਦੀ ਜਕੜ ਵਿੱਚ ਕੈਦ ਰੱਖਣਾ ਹਾਕਮ ਜਮਾਤ ਦੀ ਜਰੂਰਤ ਹੁੰਦੀ ਹੈ ਤਾਂ ਜੋ ਉਹਨਾਂ ਉੱਪਰ ਆਪਣੀ ਲੋਟੂ ਹਕੂਮਤ ਕਾਇਮ ਰੱਖੀ ਜਾਵੇ।





# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

## ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਫਰਵਰੀ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਪ੍ਰੋ. ਸਾਹਿਬ ਸਿੰਘ ਜੀ ਅਤੇ ਬਰਸੀ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ ਦੀ ਮਨਾਈ ਜਾਵੇਗੀ।ਇਕ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਗੋਬਿੰਦਰ ਸਿੰਘ ਗਾੜ੍ਹਾ ਪਰਿਵਾਰ ਵੱਲੋਂ ਹੋਵੇਗੀ।ਇਹ ਅਖੰਡਪਾਠ ਸਾਹਿਬ 17 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 19 ਫਰਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*17 ਫਰਵਰੀ ਦਿਨ ਸ਼ੁੱਕਰਵਾਰ ਦੁਪਹਿਰ 1 ਵਜੇ ਸਵ. ਬੀਬੀ ਸੁਰਜੀਤ ਕੌਰ ਪੰਦੋਲ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਤਿਮ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ 2.30 ਵਜੇ ਹੋਵੇਗੀ।

*17 ਫਰਵਰੀ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਡਾ. ਨਵਦੀਪ ਸਿੰਘ ਉੱਪਲ ਅਤੇ ਡਾ. ਵੀਰਇੰਦਰ ਕੌਰ ਪਰਿਵਾਰ ਵੱਲੋਂ ਹੋਵੇਗੀ।

*18 ਫਰਵਰੀ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਸਵ. ਬੀਬੀ ਸੁਦਰਸ਼ਨ ਕੌਰ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਤਿਮ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ 11.30 ਵਜੇ ਹੋਵੇਗੀ।

*18 ਫਰਵਰੀ ਦਿਨ ਸ਼ਨਿਚਰਵਾਰ ਦੁਪਹਿਰ 2 ਵਜੇ ਸਵ. ਬੀਬੀ ਜਸਵੰਤ ਕੌਰ ਢਿੱਲੋਂ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਤਿਮ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ 3.30 ਵਜੇ ਹੋਵੇਗੀ।

*18 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਵਿੰਦਰ ਸਿੰਘ ਪੱਡਾ ਪਰਿਵਾਰ ਵੱਲੋਂ ਹੋਵੇਗੀ।

*19 ਫਰਵਰੀ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਨਰਿੰਦਰਪਾਲ ਸਿੰਘ ਸੋਢੀ ਪਰਿਵਾਰ ਵੱਲੋਂ ਹੋਵੇਗੀ।

*19 ਫਰਵਰੀ ਦਿਨ ਐਤਵਾਰ ਸਵੇਰੇ 11 ਵਜੇ ਸਵ. ਭਾਈ ਰਣਜੀਤ ਸਿੰਘ ਮੱਟੂ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ ਉਹਨਾਂ ਨਤਿਮ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ 12.30 ਵਜੇ ਹੋਵੇਗੀ।

*19 ਫਰਵਰੀ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜਪਨੀਤ ਸਿੰਘ ਪਰਿਵਾਰ ਵੱਲੋਂ ਬੇਟੀਆਂ ਦੇ ਜਨਮ ਦੀ ਖੁਸ਼ੀ ਵਿਚ ਹੋਵੇਗੀ।

*22 ਫਰਵਰੀ ਦਿਨ ਬੁੱਧਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਜੀਤ ਸਿੰਘ ਸਿੱਧੂ ਪਰਿਵਾਰ ਵੱਲੋਂ ਆਪਣੇ ਦੋਹਤਰੇ ਦਾਰਾ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224, ਫੈਕਸ:604-572-3276**

# ਸਿਹਤ ਸੰਬੰਧੀ



# ਗੁੱਸਾ ਅਤੇ ਹੋਮਿਓਪੈਥੀ

ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ – ਇਹ ਪੰਜ ਮਨੁੱਖੀ ਕਮਜ਼ੋਰੀਆਂ ਹਨ। ਜਦੋਂ ਕੋਈ ਵੀ ਵਿਅਕਤੀ ਗੁੱਸੇ ਦੀ ਸਥਿਤੀ ਵਿੱਚ ਹੁੰਦਾ ਹੈ ਤਾਂ ਉਹ ਆਪਣਾ ਸਵੈ-ਕਾਬੂ ਉਸ ਵਿਅਕਤੀ ਦੇ ਹਵਾਲੇ ਕਰ ਦਿੰਦਾ ਹੈ ਜਿਸ ਉੱਪਰ ਉਸ ਨੂੰ ਗੁੱਸਾ ਆ ਰਿਹਾ ਹੁੰਦਾ ਹੈ। ਮਨੁੱਖ ਸੁਭਾਅ ਪੱਖੋਂ ਗੁੱਸੈਲਾ, ਝਗੜਾਲੂ ਅਤੇ ਵਿਨਾਸ਼ਕਾਰੀ ਪ੍ਰਾਣੀ ਹੈ।ਉਸ ਦੀ ਇਹ ਪ੍ਰਵਿਰਤੀ ਆਮ ਤੌਰ ’ਤੇ ਲੜਾਈ ਝਗੜੇ ਜਾਂ ਵਧੀਕੀ ਕਰਨ ਦੀ ਆਦਤ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਜਿਨ੍ਹਾਂ ਸਥਿਤੀਆਂ ਵਿੱਚ ਗੁੱਸਾ ਆਉਂਦਾ ਹੈ, ਗੁੱਸੈਲਾ ਵਿਅਕਤੀ ਆਪਣੇ ਬਚਾਅ ਅਤੇ ਰੱਖਿਆ ਵਾਸਤੇ ਇਸ ਕੌੜੀ ਭਾਵਨਾ ਨੂੰ ਹਥਿਆਰ ਵਜੋਂ ਵਰਤਦਾ ਹੈ। ਜਿਸ ਤਰ੍ਹਾਂ ਰਿਸ਼ਤੇ-ਨਾਤੇ ਗੁੱਸੇ ਕਾਰਨ ਟੁੱਟਣ ਕਿਨਾਰੇ ਆ ਜਾਂਦੇ ਹਨ, ਉੱਥੇ ਹੀ ਨਫ਼ਰਤ ਆਪਸੀ ਪਿਆਰ ਅਤੇ ਲਗਾਵ ਦੀ ਥਾਂ ਲੈ ਲੈਂਦੀ ਹੈ। ਗੁੱਸੇ ਵਿੱਚ ਆਏ ਵਿਅਕਤੀ ਦੇ ਖ਼ੂਨ ਦਾ ਦੌਰਾ ਤੇਜ਼ ਹੋਣ ਨਾਲ ਉਹ ਆਪਣੇ ਸਰੀਰ ਅੰਦਰ ਅਸਥਾਈ ਤੌਰ ’ਤੇ ਵਧੀ ਹੋਈ ਊਰਜਾ ਅਤੇ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਉਸ ਦੇ ਜਿਸਮ, ਲੱਤਾਂ ਬਾਹਾਂ ਵਿੱਚ ਬਹੁਤ ਤਾਕਤ ਦਾ ਅਹਿਸਾਸ ਹੁੰਦਾ ਹੈ ਅਤੇ ਕਈ ਵਿਅਕਤੀਆਂ ਵਿੱਚ ਗੁੱਸੇ ਕਾਰਣ ਕੰਬਣੀ ਵੀ ਛਿੜ ਜਾਂਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



ਆਮ ਤੌਰ ’ਤੇ ਜਦੋਂ ਗੁੱਸੇ ਨੂੰ ਦਬਾਅ ਕੇ ਰੱਖਿਆ ਜਾਂਦਾ ਹੈ ਅਤੇ ਉਸ ਦਾ ਪ੍ਰਗਟਾਵਾ ਕਰਨ ਦੀ ਥਾਂ ਵਿਅਕਤੀ ਅੰਦਰੋ-ਅੰਦਰ ਸੜਦਾ ਰਹਿੰਦਾ ਹੈ ਤਾਂ ਉਸ ਦਾ ਸਰੀਰ ਇਸ ਬਲਦੀ ਅੱਗ ਨੂੰ ਸਹਾਰ ਨਹੀਂ ਸਕਦਾ। ਇਸ ਸਥਿਤੀ ਵਿੱਚ ਬਾਹਰੀ ਤੌਰ ’ਤੇ ਆਪਣਾ ਸੰਤੁਲਨ ਗਵਾਉਣ ਦੇ ਨਾਲ-ਨਾਲ ਵਿਅਕਤੀ ਅੰਦਰੂਨੀ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਸਕਦਾ ਹੈ, ਜਿਵੇਂ ਕਿ ਢਿੱਡ ਵਿੱਚ ਐਸਿਡ ਬਣਨਾ ਜਿਸ ਕਾਰਣ ਨਰਮ ਝਿੱਲੀਆਂ ਸੜ ਸਕਦੀਆਂ ਹਨ ਅਤੇ ਢਿੱਡ ਵਿੱਚ ਅਲਸਰ ਬਣ ਸਕਦੇ ਹਨ। ਜਿਸ ਵਿਅਕਤੀ ਨੂੰ ਛੇਤੀ-ਛੇਤੀ ਗੁੱਸਾ ਆਉਂਦਾ ਹੈ ਉਹ ਛੇਤੀ ਢਹਿੰਦੀ ਕਲਾ ਅਤੇ ਘਬਰਾਹਟ ਦਾ ਸ਼ਿਕਾਰ ਹੋ ਜਾਂਦਾ ਹੈ। ਗੁੱਸਾ ਦਬਾਉਣ ਦੀ ਕੋਸ਼ਿਸ਼ ਵਿੱਚ ਕਈ ਵਾਰੀ ਸਰੀਰਕ ਨੁਕਸਾਨ ਵੀ ਹੋ ਸਕਦਾ ਹੈ ਜਿਵੇਂ ਵਧੇ ਹੋਏ ਬਲੱਡ ਪ੍ਰੈਸ਼ਰ ਕਾਰਣ ਦਿਲ ਦੇ ਰੋਗ, ਦਿਮਾਗ ਦੀ ਨਸ ਫਟਣੀ, ਬਹੁਤ ਜ਼ਿਆਦਾ ਸਿਰਦਰਦ ਹੋਣਾ ਜਾਂ ਪੁਰਾਣਾ ਮਾਈਗ੍ਰੇਨ ਉੱਭਰ ਕੇ ਸਮੱਸਿਆ ਬਣ ਜਾਣਾ। ਬੇਇਨਸਾਫ਼ੀ ਦੀਆਂ ਸਥਿਤੀਆਂ, ਬੇਵਜ੍ਹਾ ਦੂਸ਼ਣਬਾਜ਼ੀ ਦਾ ਸਾਹਮਣਾ ਕਰਨਾ ਜਾਂ ਸੱਚੇ ਵਿਅਕਤੀ ਨੂੰ ਝੂਠਾ ਕਰਾਰ ਦੇਣਾ ਗੁੱਸੇ ਅਤੇ ਨਫ਼ਰਤ ਨੂੰ ਜਨਮ ਦਿੰਦਾ ਹੈ।

ਮਨੁੱਖੀ ਸਰੀਰ ਦੇ ਦੋਵੇਂ ਗੁਰਦਿਆਂ ਦੇ ਅੱਗੇ “ਐਡ੍ਰਿਨਲ ਗਲੈਂਡ” ਨਾਂ ਦੀਆਂ ਗ੍ਰੰਥੀਆਂ ਹੁੰਦੀਆਂ ਹਨ। ਸੰਕਟਕਾਲ ਦੌਰਾਨ ਇਨ੍ਹਾਂ ਗ੍ਰੰਥੀਆਂ ਵਿੱਚੋਂ “ਐਡ੍ਰਿਨਲਿਨ” ਨਾਂ ਦਾ ਹਾਰਮੋਨ ਰਿਸਦਾ ਹੈ ਜੋ ਕਿ ਗੁੱਸੇ ਦੀ ਵਜ੍ਹਾ ਬਣਦਾ ਹੈ। ਸਰੀਰ ਉੱਪਰ ਗੁੱਸੇ ਦੇ ਮਾੜੇ ਪ੍ਰਭਾਵ ਵਿਅਕਤੀ ਦੀ ਸਰੀਰਕ ਸੰਵੇਦਨਾ ਉੱਪਰ ਵੀ ਨਿਰਭਰ ਕਰਦੇ ਹਨ। ਯੋਗ ਆਸਣ ਜਾਂ ਧਿਆਨ ਲਗਾਉਣ ਨੂੰ ਗੁੱਸੇ ਦਾ ਇਲਾਜ ਵਧੀਆ ਇਲਾਜ ਮੰਨਿਆ ਗਿਆ ਹੈ। ਪਰ, ਅੱਜ ਦੇ ਯੁਗ ਵਿੱਚ ਗੁੱਸੇ ਦਾ ਡਾਕਟਰੀ ਇਲਾਜ ਵੀ ਸੰਭਵ ਹੈ। ਗੁੱਸੇ ਤੋਂ ਬਚਣ ਲਈ ਧਿਆਨ ਲਾਂਭੇ ਕਰਨਾ ਲਾਜ਼ਮੀ ਹੁੰਦਾ ਹੈ ਅਤੇ ਅਜਿਹਾ ਕਰਨ ਲਈ ਕੁਦਰਤੀ ਨਜ਼ਾਰੀਆਂ ਵੱਲ ਧਿਆਨ ਦੇਣਾ, ਆਪਣਾ ਮਨਪਸੰਦ ਸੰਗੀਤ ਸੁਣਨਾ, ਕਸਰਤ ਕਰਨੀ, ਖੇਡਾਂ ਵਿੱਚ ਹਿੱਸਾ ਲੈਣਾ, ਲੰਮੀ ਸੈਰ, ਵਧੀਆ ਕਿਤਾਬਾਂ ਪੜ੍ਹਨੀਆਂ, ਚੁਟਕਲੇ ਸੁਣਨੇ-ਸੁਣਾਉਣੇ, ਪਾਲਤੂ ਜਾਨਵਰਾਂ ਦਾ ਸੰਗ ਜਾਂ ਚਿਤਰਕਾਰੀ ਜਾਂ ਕੋਈ ਹੋਰ ਮਨਭਾਉਂਦਾ ਕਾਰਜ ਕੀਤਾ ਜਾ ਸਕਦਾ ਹੈ।

ਵੱਖ-ਵੱਖ ਸਥਿਤੀਆਂ ਵਿੱਚ ਵੱਖ-ਵੱਖ ਕਾਰਣਾਂ ਕਰਕੇ ਆਇਆ ਗੁੱਸਾ ਮਨੁੱਖੀ ਸਰੀਰ ਅੰਦਰ ਜਿਹੜੀਆਂ ਬਿਮਾਰੀਆਂ ਪੈਦਾ ਕਰਨ ਦੇ ਸਮਰੱਥ ਹੋ ਸਕਦਾ ਹੈ, ਉਨ੍ਹਾਂ ਬਿਮਾਰੀਆਂ ਦੇ ਇਲਾਜ ਦੀ ਜੜ੍ਹ ਗੁੱਸੇ ਦੇ ਕਾਰਣਾਂ ਵਿੱਚੋਂ ਲੱਭ ਕੇ ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਰਾਹੀਂ ਹੋ ਸਕਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਹਰ ਕੇਸ ਨੂੰ ਵਖਰੇਵੇਂ ਨਾਲ ਵੇਖਦਿਆਂ ਉਪਰੋਕਤ ਦੱਸੇ ਅਨੁਸਾਰ ਪੀੜਤ ਵਿਅਕਤੀ ਦੀ ਮਦਦ ਕਰਦੇ ਹਨ। ਗੁੱਸੇ ਦੀ ਸਥਿਤੀ ਵਿੱਚ ਹੋਮਿਓਪੈਥੀ ਦੀਆਂ ਕੁਝ ਦਵਾਈਆਂ ਜਿਵੇਂ ਕਿ ਕੈਮੋਮੀਲਾ, ਨਕਸਵਾਮੀਕਾ, ਸਟੈਫ਼ੀਸੈਗਰੀਆ ਅਤੇ ਕੋਲੋਸਿੰਥ ਆਦਿ ਲੱਛਣਾਂ ਅਨੁਸਾਰ ਗੁੱਸੈਲੇ ਵਿਅਕਤੀ ਦੇ ਗੁੱਸੇ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਿੱਧ ਹੁੰਦੀਆਂ ਹਨ। ਇਨ੍ਹਾਂ ਦਵਾਈਆਂ ਨੂੰ ਆਪਣੇ ਪੱਧਰ ’ਤੇ ਕਦੇ ਵੀ ਨਹੀਂ ਲੈਣਾ ਚਾਹੀਦਾ, ਸਗੋਂ ਪੇਸ਼ਾਵਰ ਹੋਮਿਓਪੈਥ ਦੀ ਸੇਵਾਵਾਂ ਦਾ ਲਾਭ ਲੈਣਾ ਚਾਹੀਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

**Surrey's Choice Rehabilitation Centre**

**C: 778-855-3172, F: 778-395-4113**

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

**ਹਾਈ ਕਲਾਸ ਜਿਊਲਰ**

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC

**Ph: 604-327-3132**

FAX: 604-327-0335

# ਕਿਰਤੀਆਂ ਦੀ ਜਾਸੂਸੀ

ਇੱਕ ਸਮਾਂ ਸੀ, ਜਦੋਂ ਸਰਮਾਏਦਾਰ ਜਮਾਤ ਕਿਰਤ ਦੀ ਲੁੱਟ ਲਈ ਕੰਮ ਘੰਟੇ ਵਧਾ ਕੇ ਆਪਣੀਆਂ ਤਿਜੌਰੀਆਂ ਭਰਦੀ ਸੀ। ਇਸ ਵਿਰੁੱਧ ਕਿਰਤੀਆਂ ਦੇ ਲੰਮੇ ਸਮੂਹਿਕ ਵਿਰੋਧ ਕਾਰਨ ਆਖਰ ਸਰਮਾਏਦਾਰੀ ਨੂੰ ਕੰਮ ਘੰਟੇ ਘਟਾਉਣ ਲਈ ਮਜਬੂਰ ਹੋਣਾ ਪਿਆ । ਇਸ ਤੋਂ ਬਾਅਦ ਅਗਲਾ ਦੌਰ ਆਇਆ, ਮਸ਼ੀਨਾਂ ਦੀ ਗਤੀ ਵਧਾ ਕੇ ਘੱਟ ਸਮੇਂ ਵਿੱਚ ਹੀ ਵੱਧ ਕੰਮ ਕਰਾ ਕੇ ਲੁੱਟ ਨੂੰ ਕਾਇਮ ਰੱਖਣ ਦਾ। ਅਜੋਕੇ ਦੌਰ ਵਿੱਚ ਜਦੋਂ ਕੰਪਿਊਟਰ ਦਾ ਯੁੱਗ ਆ ਗਿਆ ਹੈ ਤਾਂ ਕਿਰਤ ਦੀ ਲੁੱਟ ਲਈ ਨਵੇਂ-ਨਵੇਂ ਔਜ਼ਾਰ ਈਜਾਦ ਕੀਤੇ ਜਾ ਰਹੇ ਹਨ।

ਇਸ ਮਕਸਦ ਲਈ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਸਥਿਤ ਵਰਲਡ ਇਕਨੌਮਿਕ ਫੋਰਮ ਸਥਾਪਤ ਕੀਤਾ ਗਿਆ ਹੈ। ਇਸ ਫੋਰਮ ਦੀਆਂ ਸਾਲਾਨਾ ਮੀਟਿੰਗਾਂ ਵਿੱਚ ਦੁਨੀਆ ਭਰ ਦੇ ਪੂੰਜੀਪਤੀ ਤੇ ਉਨ੍ਹਾਂ ਦੀਆਂ ਸਮੱਰਥਕ ਸਰਕਾਰਾਂ ਦੇ ਨੁਮਾਇੰਦੇ ਜੁੜ ਕੇ ਆਪਣੇ ਕਿਰਤੀਆਂ ਤੇ ਜਨਤਾ ਨੂੰ ਕਿਸ ਤਰ੍ਹਾਂ ਗੁਲਾਮ ਬਣਾ ਕੇ ਰੱਖਣਾ ਹੈ, ਬਾਰੇ ਵਿਚਾਰਾਂ ਕਰਦੇ ਹਨ। ਇਨ੍ਹਾਂ ਮੀਟਿੰਗਾਂ ਵਿੱਚ ਸਰਮਾਏਦਾਰ ਪ੍ਰਬੰਧ ਪੱਖੀ ਸਮਾਜਿਕ ਵਿਗਿਆਨੀ, ਤਕਨੀਕੀ ਮਾਹਰ ਤੇ ਮਨੋਵਿਗਿਆਨੀ ਵੀ ਸ਼ਾਮਲ ਹੁੰਦੇ ਹਨ, ਜੋ ਕਿਰਤੀਆਂ ਦੀ ਲੁੱਟ ਤੇ ਆਮ ਜਨਤਾ ਨੂੰ ਵੱਸ ਵਿੱਚ ਰੱਖਣ ਸੰਬੰਧੀ ਆਪਣੇ ਖੋਜ ਪੱਤਰ ਪੇਸ਼ ਕਰਦੇ ਹਨ। ਦੁਨੀਆ ਨੂੰ ਦਿਖਾਉਣ ਲਈ ਉਂਜ ਇਹ ਸੰਮੇਲਨ ਵਿਕਾਸ ਤੇ ਉਤਪਾਦਨ ਵਧਾਉਣ ਲਈ ਕੀਤੇ ਜਾਂਦੇ ਹਨ, ਪਰ ਮਨੋਰਥ ਹੁੰਦਾ ਹੈ ਕਰੂਰ ਦਮਨ ਰਾਹੀਂ ਕਿਰਤੀਆਂ ਦੇ ਅਧਿਕਾਰਾਂ ਨੂੰ ਖੋਹਣਾ ਤੇ ਸੱਤਾ ਦੀ ਅਜਾਰੇਦਾਰੀ ਨੂੰ ਪੱਕੇ ਪੈਰੀਂ ਕਰਨਾ।

ਪਿਛਲੇ ਸਾਲਾਨਾ ਸੰਮੇਲਨ ਵਿੱਚ ਡਿਊਕ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਨੀਤਾ ਫਰਾਹਨਿਆ ਨੇ ਦੁਨੀਆ ਭਰ ਦੇ ਇਕੱਠੇ ਹੋਏ ਆਗੂਆਂ ਤੇ ਪੂੰਜੀਪਤੀਆਂ ਸਾਹਮਣੇ ਇੱਕ ਖੋਜ ਪੱਤਰ ਪੇਸ਼ ਕੀਤਾ ਸੀ, ਜਿਸ ਵਿੱਚ ਮਨੁੱਖੀ ਦਿਮਾਗ ਦੀ ਜਾਸੂਸੀ ਲਈ ਨਿਊਰੋ ਟੈਕਨਾਲੋਜੀ ਦੀ ਮੌਜੂਦਾ ਵਰਤੋਂ ਦਾ ਘੇਰਾ ਵਧਾਉਣ ਉੱਤੇ ਜ਼ੋਰ ਦਿੱਤਾ ਗਿਆ ਸੀ । ਜਦੋਂ ਜਾਸੂਸੀ ਬਾਰੇ ਗੱਲ ਆਉਂਦੀ ਹੈ ਤਾਂ ਚੀਨ ਦੇ ਗੁਬਾਰੇ ਤੇ ਇਸਰਾਈਲੀ ਪੈਗਾਸਸ ਜਾਸੂਸੀ ਸਾਫਟਵੇਅਰ ਦੀ ਖ਼ੂਬ ਚਰਚਾ ਹੁੰਦੀ ਹੈ, ਅਖ਼ਬਾਰਾਂ ਵਿੱਚ ਲੰਮੇ-ਲੰਮੇ ਲੇਖ ਛਪਦੇ ਹਨ, ਪਰ ਕਿਰਤੀਆਂ ਦੀ ਜਾਸੂਸੀ ਬਾਰੇ ਕੋਈ ਵੀ ਚਰਚਾ ਨਹੀਂ ਕਰਦਾ।

ਪ੍ਰੋਫ਼ੈਸਰ ਨੀਤਾ ਫਰਾਹਨਿਆ ਅਨੁਸਾਰ ਦੁਨੀਆ ਭਰ ਦੀਆਂ ਸਨਅਤਾਂ ਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਦਫ਼ਤਰਾਂ ਵਿੱਚ ਕਿਰਤੀਆਂ ਨੂੰ ਅਜਿਹੇ ਸੈਂਸਰ ਪਹਿਨਾਏ ਜਾਂਦੇ ਹਨ, ਜਿਸ ਰਾਹੀਂ ਮਾਲਕਾਂ ਜਾਂ ਉਨ੍ਹਾਂ ਦੇ ਭਰੋਸੇਮੰਦ ਅਧਿਕਾਰੀਆਂ ਨੂੰ ਇਹ ਜਾਣਕਾਰੀ ਮਿਲਦੀ ਰਹਿੰਦੀ ਹੈ ਕਿ ਫਲਾਣਾ ਕਿਰਤੀ ਥੱਕ ਗਿਆ ਹੈ, ਪੂਰੀ ਸਮਰੱਥਾ ਨਾਲ ਕੰਮ ਨਹੀਂ ਕਰ ਰਿਹਾ ਜਾਂ ਉਸ ਨੂੰ ਨੀਂਦ ਆ ਰਹੀ ਹੈ। ਇਨ੍ਹਾਂ ਸੈਂਸਰਾਂ ਰਾਹੀਂ ਕਿਰਤੀਆਂ ਦੇ ਦਿਮਾਗਾਂ ਦੀ ਹਰਕਤ ਨੂੰ ਪੜ੍ਹਿਆ ਜਾਂਦਾ ਹੈ। ਸਾਫ਼ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਇਨ੍ਹਾਂ ਸੈਂਸਰਾਂ ਰਾਹੀਂ ਕਿਰਤੀਆਂ ਦੇ ਦਿਮਾਗਾਂ ਦੀ ਜਾਸੂਸੀ ਕੀਤੀ ਜਾਂਦੀ ਹੈ।

ਪੂੰਜੀਵਾਦ ਇਸ ਪ੍ਰਕ੍ਰਿਆ ਨੂੰ ਖ਼ਤਰਨਾਕ ਜਾਂ ਲੰਮੇ ਸਮੇਂ ਤੱਕ ਕੰਮ ਕਰਨ ਵਾਲੇ ਕਿਰਤੀਆਂ ਲਈ ਸੁਰੱਖਿਆ ਕਵੱਚ ਵਜੋਂ ਪੇਸ਼ ਕਰਦਾ ਹੈ, ਪਰ ਸੱਚਾਈ ਇਹ ਹੈ ਕਿ ਇਸ ਦੀ ਵਰਤੋਂ ਉਤਪਾਦਨ ਵਧਾਉਣ ਤੇ ਕਿਰਤੀਆਂ ਦੇ ਮੇਲ-ਮਿਲਾਪ ਨੂੰ ਘੱਟ ਕਰਨ ਲਈ ਕੀਤੀ ਜਾਂਦੀ ਹੈ । ਕਿਰਤੀਆਂ ਦਾ ਮੇਲ-ਮਿਲਾਪ ਘੱਟ ਹੋਣ ਦਾ ਫਾਇਦਾ ਇਹ ਹੁੰਦਾ ਹੈ ਕਿ ਉਹ ਆਪਣੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਨਹੀਂ ਕਰ ਸਕਦੇ ਤੇ ਨਾ ਹੀ ਆਪਣੀ ਯੂਨੀਅਨ ਬਣਾ ਸਕਦੇ ਹਨ।

ਪ੍ਰੋਫ਼ੈਸਰ ਨੀਤਾ ਨੇ ਹੁਣ ਇੱਕ ਨਵੇਂ ਸੈਂਸਰ ਦੀ ਖੋਜ ਕੀਤੀ ਹੈ, ਜਿਸ ਰਾਹੀਂ ਕਿਸੇ ਨੂੰ ਪਹਿਨਾ ਕੇ ਜਾਂ ਉਸ ਦੇ ਕੱਪੜਿਆਂ ਵਿੱਚ ਫਿੱਟ ਕਰਕੇ ਦੂਰ ਬੈਠਿਆਂ ਹੀ ਇਹ ਪਤਾ ਲਾਇਆ ਜਾ ਸਕਦਾ ਹੈ ਕਿ ਉਸ ਦੇ ਦਿਮਾਗ਼ ਵਿੱਚ ਕੀ ਚੱਲ ਰਿਹਾ ਹੈ। ਪ੍ਰੋਫ਼ੈਸਰ ਨੀਤਾ ਨੇ ਆਪਣੇ ਭਾਸ਼ਣ ਵਿੱਚ ਇਹ ਵੀ ਕਿਹਾ ਸੀ ਕਿ ਇਸ ਸੈਂਸਰ ਦਾ ਜੇਕਰ ਗਲਤ ਇਸਤੇਮਾਲ ਕੀਤਾ ਗਿਆ ਤਾਂ ਇਹ ਦੁਨੀਆ ਵਿੱਚ ਦਮਨ ਦਾ ਸਭ ਤੋਂ ਖ਼ਤਰਨਾਕ ਹਥਿਆਰ ਹੋਵੇਗਾ। ਵਰਨਣਯੋਗ ਹੈ ਕਿ ਇਸ ਸਮੇਂ ਦੁਨੀਆ ਭਰ ਵਿੱਚ 550 ਤੋਂ ਵੱਧ ਅਜਿਹੇ ਔਜ਼ਾਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਰਾਹੀਂ ਕਰਮਚਾਰੀਆਂ, ਕਿਰਤੀਆਂ ਤੇ ਆਮ ਜਨਤਾ ਦੀ ਜਾਸੂਸੀ ਕੀਤੀ ਜਾਂਦੀ ਹੈ ।

ਕਰਮਚਾਰੀ ਦੇ ਸਾਹਮਣੇ ਪਿਆ ਲੈਪਟਾਪ ਵੀ ਉਸ ਦੀ ਜਾਸੂਸੀ ਕਰਦਾ ਹੈ। ਉਸ ਨੇ ਕਿੰਨਾ ਸਮਾਂ ਕੰਪਿਊਟਰ ਅੱਗੇ ਗੁਜ਼ਾਰਿਆ, ਕੰਪਿਊਟਰ ਉਤੇ ਕੀ-ਕੀ ਕੀਤਾ, ਕਿਹੜੀ ਸਾਈਟ ਦੇਖੀ ਮਾਲਕ ਨੂੰ ਸਭ ਪਤਾ ਲੱਗਦਾ ਰਹਿੰਦਾ ਹੈ। ਗੂਗਲ ਦੁਨੀਆ ਦਾ ਸਭ ਤੋਂ ਵੱਡਾ ਜਾਸੂਸ ਹੈ। ਬਜ਼ਾਰ, ਦਫ਼ਤਰਾਂ ਤੇ ਘਰਾਂ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵੀ ਜਾਸੂਸੀ ਕਰਦੇ ਹਨ। ਇਹ ਸਾਰੇ ਜਨਤਾ ਦੀ ਸੁਰੱਖਿਆ ਦੇ ਨਾਂਅ ਉੱਤੇ ਸਥਾਪਤ ਕੀਤੇ ਜਾਂਦੇ ਹਨ, ਪਰ ਜਨਤਾ ਸੁਰੱਖਿਅਤ ਨਹੀਂ, ਨਾ ਅਪਰਾਧ ਰੁਕਦੇ ਹਨ ਤੇ ਨਾ ਭ੍ਰਿਸ਼ਟਾਚਾਰ ਘੱਟ ਹੁੰਦਾ ਹੈ।

ਸਪੱਸ਼ਟ ਹੈ ਕਿ ਅੱਜ ਅਸੀਂ ਇੱਕ ਖ਼ਤਰਨਾਕ ਦੌਰ ਵਿੱਚੋਂ ਗੁਜ਼ਰ ਰਹੇ ਹਾਂ। ਅੱਜ ਸਾਡੇ ਦਿਮਾਗ਼ ਵਿੱਚ ਉਪਜੇ ਵਿਚਾਰਾਂ ਨੂੰ ਵੀ ਕੋਈ ਹੋਰ ਪੜ੍ਹ ਰਿਹਾ ਹੈ। ਅਜਿਹੇ ਸਾਫਟਵੇਅਰ ਵੀ ਤਿਆਰ ਹੋ ਚੁੱਕੇ ਹਨ, ਜਿਨ੍ਹਾਂ ਰਾਹੀਂ ਸਾਡੇ ਵਿਚਾਰਾਂ ਨੂੰ ਕੰਟਰੋਲ ਕਰਕੇ ਸਾਡੀ ਸੋਚ ਨੂੰ ਵੀ ਬਦਲਿਆ ਜਾ ਸਕਦਾ। ਇਹ ਬਿਜਲਈ ਤਰੰਗਾਂ ਵਾਲੇ ਔਜ਼ਾਰ ਸਾਡੇ ਸਰੀਰ ਤੇ ਦਿਮਾਗ਼ ਉੱਤੇ ਕਿੰਨਾ ਮਾਰੂ ਅਸਰ ਪਾਉਂਦੇ ਹਨ, ਇਹ ਅਧਿਐਨ ਦਾ ਵਿਸ਼ਾ ਹੈ, ਪਰ ਕਿਸੇ ਵੀ ਗੈਰ-ਕੁਦਰਤੀ ਵਰਤਾਰੇ ਦਾ ਸਾਡੇ ਉਤੇ ਬਿਲਕੁੱਲ ਕੋਈ ਪ੍ਰਭਾਵ ਨਹੀਂ ਪੈਂਦਾ ਇਹ ਅਸੰਭਵ ਹੈ ।

-ਨਵਾ ਜ਼ਮਾਨਾ

# ਅਮਰੀਕੀ ਖਰਬਪਤੀ ਵੱਲੋਂ ਮੋਦੀ ਦੇ ਕਮਜ਼ੋਰ ਪੈਣ ਦੀ ਭਵਿੱਖਬਾਣੀ



ਨਵੀਂ ਦਿੱਲੀ:ਕੇਂਦਰੀ ਮੰਤਰੀ ਸਿਮਰਤੀ ਈਰਾਨੀ ਨੇ ਅਮਰੀਕਾ ਦੇ ਖਰਬਪਤੀ ਕਾਰੋਬਾਰੀ ਜਾਰਜ ਸੋਰੋਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਬਿਆਨ ਨੂੰ ਵਿਦੇਸ਼ੀ ਸਾਜ਼ਿਸ਼ ਕਰਾਰ ਦਿੱਤਾ ਹੈ। ਸੋਰੋਸ ਨੇ ਵੀਰਵਾਰ ਰਾਤ ਮਿਊਨਿਖ ਸਕਿਊਰਟੀ ਕਾਨਫਰੰਸ ਵਿਚ ਕਿਹਾ ਸੀ ਕਿ ਭਾਰਤ ਜਮਹੂਰੀ ਦੇਸ਼ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਮਹੂਰੀ ਨਹੀਂ ਹਨ। ਉਨ੍ਹਾਂ ਦੇ ਤੇਜ਼ੀ ਨਾਲ ਵੱਡਾ ਆਗੂ ਬਣਨ ਦੀ ਅਹਿਮ ਵਜ੍ਹਾ ਮੁਸਲਮਾਨਾਂ ‘ਤੇ ਕੀਤੀ ਗਈ ਹਿੰਸਾ ਹੈ। ਸਿਮਰਤੀ ਨੇ ਕਿਹਾ ਕਿ ਵਿਦੇਸ਼ੀ ਧਰਤੀ ਤੋਂ ਭਾਰਤ ਦੇ ਜਮਹੂਰੀ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਹ ਭਾਰਤ ਦੀ ਜਮਹੂਰੀਅਤ ਵਿਚ ਦਖਲ ਦੇਣ ਦੀ ਕੋਸ਼ਿਸ਼ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੋਰੋਸ ਪ੍ਰਧਾਨ ਮੰਤਰੀ ਨੂੰ ਹੀ ਨਹੀਂ, ਭਾਰਤੀ ਜਮਹੂਰੀ ਸਿਸਟਮ ‘ਤੇ ਵੀ ਹਮਲਾ ਕਰ ਰਹੇ ਹਨ। ਉਹ ਹਿੰਦੁਸਤਾਨ ਵਿਚ ਅਜਿਹੀ ਵਿਵਸਥਾ ਬਣਾਉਣਾ ਚਾਹੁੰਦੇ ਹਨ, ਜਿਸ ਵਿਚ ਸਰਕਾਰ ਚਲਾਉਣ ਵਾਲੇ ਉਨ੍ਹਾ ਦੀ ਪਸੰਦ ਦੇ ਹੋਣਗੇ। ਭਾਰਤ ਵਿਰੁੱਧ ਅਜਿਹੀ ਜੰਗ ਛੇੜੀ ਗਈ ਹੈ, ਜਿਸ ਦੇ ਕੇਂਦਰ ਵਿਚ ਮੋਦੀ ਹਨ। ਹਰ ਭਾਰਤੀ ਨੂੰ ਇਸ ਦਾ ਮੂੰਹ-ਤੋੜ ਜਵਾਬ ਦੇਣਾ ਚਾਹੀਦਾ ਹੈ ।

ਸੋਰੋਸ ਨੇ ਭਾਰਤ ਤੇ ਹੋਰਨਾਂ ਜਮਹੂਰੀ ਪ੍ਰਬੰਧਾਂ ਵਿਚ ਦਖਲ ਦੇਣ ਲਈ ਇਕ ਅਰਬ ਅਮਰੀਕੀ ਡਾਲਰ ਦਾ ਫੰਡ ਕਾਇਮ ਕੀਤਾ ਹੈ । ਮਿਊਨਿਖ ਸਕਿਊਰਟੀ ਕਾਨਫਰੰਸ ਵਿਚ ਬੋਲਦਿਆਂ ਸੋਰੋਸ ਨੇ ਕਿਹਾ ਕਿ ਭਾਰਤ ਕਵਾਡ ਦਾ ਮੈਂਬਰ ਹੈ, ਜਿਸ ਵਿਚ ਆਸਟਰੇਲੀਆ, ਅਮਰੀਕਾ ਤੇ ਜਾਪਾਨ ਵੀ ਉਸ ਦੇ ਨਾਲ ਹਨ। ਇਸ ਦੇ ਬਾਵਜੂਦ ਭਾਰਤ ਰੂਸ ਤੋਂ ਵੱਡੇ ਡਿਸਕਾਊਂਟ ‘ਤੇ ਤੇਲ ਖਰੀਦ ਕੇ ਮੁਨਾਫਾ ਕਮਾ ਰਿਹਾ ਹੈ। ਉਨ੍ਹਾ ਇਹ ਵੀ ਕਿਹਾ—ਸਟਾਕ ਮਾਰਕਿਟ ਵਿਚ ਅਡਾਨੀ ਦੇ ਸ਼ੇਅਰ ਤਾਸ਼ ਦੇ ਪੱਤਿਆਂ ਦੀ ਤਰ੍ਹਾਂ ਬਿਖਰ ਗਏ। ਮੋਦੀ ਤੇ ਅਡਾਨੀ ਇਕ-ਦੂਜੇ ਦੇ ਸਹਿਯੋਗੀ ਹਨ । ਅਡਾਨੀ ਨੇ ਸਟਾਕ ਮਾਰਕਿਟ ਰਾਹੀਂ ਫੰਡ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਹੇ। ਮੋਦੀ ਇਸ ਬਾਰ ਚੁੱਪ ਹਨ, ਪਰ ਉਨ੍ਹਾ ਨੂੰ ਵਿਦੇਸ਼ੀ ਨਿਵੇਸ਼ਕਾਂ ਤੇ ਸੰਸਦ ਵਿਚ ਉੱਠੇ ਸਵਾਲਾਂ ਦਾ ਜਵਾਬ ਦੇਣਾ ਪਵੇਗਾ, ਜਿਸ ਨਾਲ ਸਰਕਾਰ ‘ਤੇ ਉਨ੍ਹਾ ਦੀ ਪਕੜ ਕਮਜ਼ੋਰ ਹੋਵੇਗੀ। ਮੈਂ ਅਨਾੜੀ ਹੋ ਸਕਦਾ ਹਾਂ, ਪਰ ਮੈਂ ਭਾਰਤ ਵਿਚ ਫਿਰ ਤੋਂ ਜਮਹੂਰੀਅਤ ਦੇ ਆਉਣ ਦੀ ਉਮੀਦ ਕਰ ਰਿਹਾ ਹਾਂ। ਸੋਰੋਸ ਨੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਤੇ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ‘ਤੇ ਵੀ ਮੋਦੀ ਦੀ ਅਲੋਚਨਾ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਭਾਰਤ ਹਿੰਦੂ ਰਾਸ਼ਟਰ ਬਣਨ ਵੱਲ ਵਧ ਰਿਹਾ ਹੈ। 92 ਸਾਲ ਦੇ ਸੋਰੋਸ ਯਹੂਦੀ ਹਨ, ਜਿਸ ਕਰਕੇ ਦੂਜੀ ਸੰਸਾਰ ਜੰਗ ਵੇਲੇ ਉਨ੍ਹਾ ਨੂੰ ਆਪਣਾ ਦੇਸ਼ ਹੰਗਰੀ ਛੱਡਣਾ ਪਿਆ ਸੀ। ਉਹ 1947 ਵਿਚ ਲੰਡਨ ਪੁੱਜੇ, ਜਿਥੇ ਉਨ੍ਹਾ ਲੰਡਨ ਸਕੂਲ ਆਫ ਇਕਨਾਮਿਕਸ ਵਿਚ ਫਿਲਾਸਫੀ ਦੀ ਪੜ੍ਹਾਈ ਕੀਤੀ। ਸੋਰੋਸ ਨੇ ਦਾਵੋਸ ਵਿਚ ਵਰਲਡ ਇਕਨਾਮਿਕ ਫੋਰਮ ਵਿਚ ਕਿਹਾ ਸੀ ਕਿ ਦੁਨੀਆ ਵਿਚ ਰਾਸ਼ਟਰਵਾਦ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਸਭ ਤੋਂ ਖਤਰਨਾਕ ਨਤੀਜਾ ਭਾਰਤ ਵਿਚ ਦੇਖਣ ਨੂੰ ਮਿਲਿਆ ਹੈ, ਜਿਥੇ ਜਮਹੂਰੀ ਢੰਗ ਨਾਲ ਚੁਣੇ ਆਗੂ ਨਰਿੰਦਰ ਮੋਦੀ ਇਕ ਹਿੰਦੂ ਰਾਸ਼ਟਰਵਾਦੀ ਦੇਸ਼ ਬਣਾ ਰਹੇ ਹਨ। ਉਹ ਕਸ਼ਮੀਰ ‘ਤੇ ਸਖਤ ਪਾਬੰਦੀਆਂ ਲਾ ਰਹੇ ਹਨ।


LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਜੇਕਰ ਹਵਾਰੇ ਵਰਗੇ ਜੇਲ੍ਹੀਂ ....

ਧਰਮ ਦੇ ਨਾਂ 'ਤੇ ਥਾਂ-ਥਾਂ ਇਦਾਂ ਪਾੜੇ ਨਾ ਹੁੰਦੇ।
ਗੁਰੂ ਗ੍ਰੰਥ ਸਾਹਿਬ ਦੇ ਅੰਗ ਗਲੀਆਂ ਵਿਚ ਖਿਲਾਰੇ ਨਾ ਹੁੰਦੇ।
ਜੇ ਹਾਕਮ ਕੋਸ਼ਿਸ਼ ਕਰਦੇ ਹਾਲਾਤ ਏਨੇ ਵੀ ਮਾੜੇ ਨਾ ਹੁੰਦੇ।
ਜੇ ਮੌਕਾ ਮਿਲਦਾ ਸੱਚ ਨੂੰ ਝੂਠ ਨੇ ਚੰਨ ਫਿਰ ਚਾੜ੍ਹੇ ਨਾ ਹੁੰਦੇ।
ਖ਼ੁਸ਼ਹਾਲ ਸੂਬੇ ਦੇ ਅੰਦਰ ਏਦਾਂ ਪਏ ਉਜਾੜੇ ਨਾ ਹੁੰਦੇ।
ਨਾ ਪਖੰਡਵਾਦ ਏਨਾ ਵਧਣਾ ਸੀ,
ਥਾਂ ਥਾਂ ਡੇਰੇ ਜੇਕਰ ਉਸਾਰੇ ਨਾ ਹੁੰਦੇ।
ਕੁਲੀਆਂ ਨੂੰ ਅੱਗਾਂ ਲਾਉਣ ਵਾਲੇ,
ਮਹਿਲਾਂ ਵਿਚ ਅਸੀਂ ਵਾੜੇ ਨਾ ਹੁੰਦੇ।
ਵੈਰੀ ਨੇ ਕਿੱਥੋਂ ਖੰਘਣਾ ਸੀ,
ਜੇਕਰ ਹਵਾਰੇ ਵਰਗੇ ਜੇਲ੍ਹੀਂ ਤਾੜੇ ਨਾ ਹੁੰਦੇ।

**- ਅਮਨਦੀਪ ਕੌਰ,**
**ਹਾਕਮ ਸਿੰਘ ਵਾਲਾ ਬਠਿੰਡਾ**

## ਮਾਂ ਬੋਲੀ ਪੰਜਾਬੀ ਪ੍ਰਤੀ ਟੱਪੇ

ਰਾਈ । ਰਾਈ ...॥ ਰਾਈ...॥।
ਅਸਲੀ ਮਾਂ ਨੂੰ ਛੱਡ ਵੀਰਨੋ
ਹੋਰ ਮਾਂ ਨੂੰ ਜੱਫੀ ਜਾ ਪਾਈ।....॥

* ਢਾਰੇ..। ਢਾਰੇ...॥ ਢਾਰੇ...॥।
ਕਾਰੋਬਾਰੀ ਧੰਦਿਆਂ ਦੇ ਬੋਰਡਾਂ 'ਤੇ
ਪੰਜਾਬੀ ' ਚ ਲਿਖਵਾ 'ਦੋ ਹੁਣ ਸਾਰੇ।....॥

* ਪੂਣੀ..। ਪੂਣੀ..॥ ਪੂਣੀ...॥।
ਮਾਂ ਬੋਲੀ ਨੂੰ ਪਟਰਾਣੀ ਬਣਾ ਦਿਓ
ਪਹਿਲਾਂ ਨਾਲੋਂ ਵਧੇ ਫੁੱਲੇ ਦੂਣੀ।...॥

* ਪਤਾਸੇ..। ਪਤਾਸੇ..॥ ਪਤਾਸੇ...॥।
ਮਾਂ ਦਿਉ ਛੈਲ ਪੁੱਤ ਗੱਭਰੂਉ
ਬਹਿਜਾ ਥਹਿਜਾ ਹੋ'ਗੇ ਸਾਰੇ ਪਾਸੇ।...॥

* ਤੁੱਕ।..। ਤੁੱਕੇ...॥..ਤੁੱਕੇ....॥।
ਹੋਰ ਭਾਸ਼ਾਵਾਂ ਜੋ ਮਰਜ਼ੀ ਲਿਖ 'ਲੋ
ਪੰਜਾਬੀ ਨੂੰ ਲਿਖਵਾਉ ਸਭ ਤੋਂ ਉੱਤੇ।...॥

* ਲਾਵਾ।ਲਾਵਾ॥ ਲਾਵਾ॥।
ਸਦਾ ਘਰ ਵਿਚ ਪੰਜਾਬੀ ਬੋਲੀਏ
ਮਾਂ ਬੋਲੀ ਤੇ ਜਿਤਾਈਏ ਸਦਾ ਦਾਅਵਾ।...॥

* ਛੱਲੀਆਂ।..ਛੱਲੀਆਂ..॥ ਛੱਲੀਆਂ..॥।
ਪੰਜਾਬੀ ਦਾ ਕਰਦਾ ਲਿਆ ਦੇ ਬਾਬਲਾ
ਮੈਂ ਪੜਣ ਸਕੂਲੇ ਚੱਲੀ..ਆਂ॥..॥



* ਕੁਰਸੀ..। ਕੁਰਸੀ..॥ ਕੁਰਸੀ..॥।
ਮਾਂ ਬੋਲੀ ਵਿਚ ਕਰਕੇ ਪੜਾਈ
ਮੈਂ ਅਦਾਲਤ ਵਿਚ ਲੱਗਣਾ ਮੁਨਸੀ।...॥

*** ਰਣਜੀਤ ਆਜ਼ਾਦ ਕਾਂਝਲਾ ***

## ਜੰਗ ਜਾਰੀ ਹੈ ਮਾਂ ਬੋਲੀਆਂ ਦੀ

ਜੰਗ ਜਾਰੀ ਹੈ ਮਾਂ ਬੋੱਲੀਆਂ ਦੀ,
ਕੁਬੋੱਲੀਆਂ ਦੀ, ਰੌਲ਼ ਘਚੌਲੀਆਂ ਦੀ।
ਸਲੀਕੇ ਵਿੱਚ ਭਿੱਜੇ ਸ਼ੁੱਧ ਤਰਕਾਂ ਦੀ,
ਧੱਕੜ, ਅੜਬ, ਬਦਬਖਤ ਟੋੱਲੀਆਂ ਦੀ।
ਮੈਂ 'ਤੇ ਮੇਰੀ ਮਾਂ ਦੇ ਚੱਕਰ ਵਿੱਚ,
ਇੱਕ ਦੂਜੇ ਨੂੰ ਕਈ ਨੇ ਢਾਉਂਦੇ।
ਪੈਰ ਪੈਰ 'ਤੇ ਦਾਅ ਬਦਲ ਕੇ,
ਚੱਕਰ ਕਈ ਨਿੱਤ ਨਵੇਂ ਚਲਾਉਂਦੇ।
ਪੇਟ ਤੇ ਸ਼ੋਹਰਤ ਦੀ ਭੁੱਖ ਖ਼ਾਤਰ,
ਬੋੱਲੀਆਂ ਦੀ ਹੁੰਦੀ ਬੋੱਲੀ ਦੇਖੀ।
ਸੱਭਿਆਚਾਰਕ ਪਾਖੰਡ ਦੇ ਪਿੱਛੇ,
ਮਖੌਟੇ ਪਾ ਫਿਰਦੇ ਕਈ ਭੇਖੀ।
ਸ਼ਬਦਾਂ ਦੀ ਘੁਸਪੈਠੀ ਸਾਜ਼ਿਸ਼,
ਬਣ ਗਈ ਹੈ ਦੁਨੀਆ ਦਾ ਧੰਦਾ।
ਮਾਂ ਬੋੱਲੀ ਨੂੰ ਪਲੀਤ ਕਰਨ ਵਿੱਚ,
ਮਿੰਟ ਨਹੀਂ ਲਾਉਂਦਾ ਕੋਈ ਕੋਈ ਬੰਦਾ।
ਮਾਵਾਂ ਨਾਲ ਕਈ ਪੁੱਤ ਵਿਆਹੇ,
ਮਾਂ ਬੋੱਲੀ ਵਿੱਚ ਮਿਲ ਜਾਂਦੇ ਨੇ।
ਢੀਠਪੁਣੇ ਦੀ ਹੱਦ ਤੱਕ ਪਹੁੰਚੇ,
ਸੱਚੀ ਗੱਲ ਤੋਂ ਚਿੜ੍ਹ ਜਾਂਦੇ ਨੇ।
ਦੁਬਿਧਾ ਵਿੱਚ ਹੈ ਦੁਨੀਆ ਬਹੁਤੀ,
ਕਿਹਨੂੰ ਮਾਂ, ਕਿਹਨੂੰ ਮਾਸੀ ਕਹੀਏ।
ਕਿਸ ਮਾਂ ਨੂੰ ਅੱਜ ਤਖਤ ਬਿਠਾਈਏ,
ਅਤੇ ਕਿਸ ਨੂੰ ਕਿਸ ਦੀ ਦਾਸੀ ਕਹੀਏ।
ਪਿਆਰੀਆਂ ਨੇ ਸਪੂਤਾਂ ਨੂੰ ਮਾਵਾਂ,
ਨੰਗੇ ਧੜ ਜੋ ਸਦਾ ਹੀ ਲੜਦੇ।
ਹਰ ਮੰਜ਼ਿਲ ਅਤੇ ਮਰਹਲੇ ਉੱਤੇ,
ਬਾਜ਼ੀ ਮਾਰਨ ਲਈ ਜਾ ਖੜ੍ਹਦੇ।
ਲੋੜ ਹੈ ਐਸੇ ਜਾਂਬਾਜ਼ਾਂ ਦੀ,
ਸਿਰ ਧਰ ਤਲੀ ਗਲੀ ਜੋ ਆਵਣ।
ਮਾਂ ਪ੍ਰੇਮ ਦੇ ਜਜ਼ਬੇ ਉੱਤੋਂ,
ਮੁੜ ਮੁੜ ਕੇ ਕੁਰਬਾਨ ਹੋ ਜਾਵਣ।
ਅੱਜ ਲੋੜ ਹੈ ਅਹਿਦ ਕਰਨ ਦੀ,
ਕਈ ਮੁਹਾਜ਼ਾਂ ਉੱਤੇ ਲੜਨ ਦੀ।
ਮਾਂ ਬੋੱਲੀ ਦੀ ਸ਼ੁੱਧਤਾ ਖ਼ਾਤਰ,
ਸ਼ਬਦੀ ਜੰਗ ਨੂੰ ਤੇਜ਼ ਕਰਨ ਦੀ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਮਾਂ ਬੋਲੀ ਪੰਜਾਬੀ

**ਜਸਵਿੰਦਰ ਸਿੰਘ ਰੁਪਾਲ**

ਬੋਲੀ ਸਿੱਖੀ ਮਾਂ ਦੇ ਦੁੱਧ ਦੀਆਂ ਧਾਰਾਂ 'ਚੋਂ।
ਭੈਣ ਭਾਈ ਮਾਤਾ ਪਿਤਾ ਦੇ ਪਿਆਰਾਂ 'ਚੋਂ।
ਹਾਸੇ ਰੋਣੇ ਦੀਆਂ ਪੈਂਦੀਆਂ ਫੁਹਾਰਾਂ 'ਚੋਂ।
ਨਾਂ ਪੰਜਾਬੀ ਜੱਗ ਵਿੱਚ ਰੁਸ਼ਨਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਨਾਥਾਂ ਅਤੇ ਜੋਗੀਆਂ ਦੇ ਵਿਹੜੇ ਆਈ ਸੀ।
ਉਨ੍ਹਾਂ ਕੋਲੋਂ ਮਿੱਠੀ ਕਵਿਤਾ ਲਿਖਾਈ ਸੀ।
ਏਸ ਘਰੋਂ ਮਿਲੀ ਖ਼ੂਬ ਵਡਿਆਈ ਸੀ।
ਭੋਲ਼ਾ ਬਾਲਪਣ ਯਾਦ ਤਾਂ ਕਰਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਗੁਰੂਆਂ ਤੇ ਭਗਤਾਂ ਉਚਾਰੀ ਬਾਣੀ ਜੀ।
ਗਈ ਸੰਗਤਾਂ ਦੇ ਵਿੱਚ ਪਹਿਚਾਣੀ ਜੀ।
ਵੰਡੀ ਮਿੱਠਤ ਜੋ ਸਭ ਨੇ ਹੀ ਮਾਣੀ ਜੀ।
ਜਾਚ ਜਿਊਣ ਵਾਲੀ ਜੱਗ ਨੂੰ ਸਿਖਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਬੋਲੀਆਂ ਤੇ ਟੱਪੇ ਗੀਤਾਂ ਦਾ ਆਧਾਰ ਹੈ।
ਗਿੱਧੇ ਅਤੇ ਭੰਗੜੇ ਦਾ ਇਹ ਸ਼ਿੰਗਾਰ ਹੈ।
ਬਾਗੀਂ ਸਾਹਿਤ ਦੇ ਆਈ ਤਾਂ ਬਹਾਰ ਹੈ।
ਮਹਿਕਾਂ ਸੰਦਲੀ ਪੌਣਾਂ 'ਚ ਖਿੰਡਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਬੁੱਲ੍ਹੇ ਵਾਰਸ ਦੀ ਮਿੱਠੜੀ ਆਵਾਜ਼ 'ਚੋਂ।
ਸੋਹਣੀ ਧੁਨ ਛੇੜੇ ਜ਼ਿੰਦਗੀ ਦੇ ਸਾਜ਼ 'ਚੋਂ।
ਲਾਹੁੰਦੀ ਪਰਦੇ ਅਗੰਮੀ ਜਿਹੇ ਰਾਜ਼ 'ਚੋਂ।
ਇਹਦੀ ਗੂੰਜ ਸਾਰੇ ਜੱਗ 'ਚ ਪੁਚਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਜ਼ਿੰਦਾ ਰੂਹ ਨੇ ਪੰਜਾਬੀ ਮੁੱਖੋਂ ਬੋਲਦੀ।
ਜਦੋਂ ਜਾ ਕੇ ਵਿਦੇਸ਼ ਪਿਆਰ ਟੋਲਦੀ।
ਰਹਿੰਦੀ ਹਰ ਦਮ ਜਜ਼ਬੇ ਫਰੋਲਦੀ।
ਇਹਨੂੰ ਬੋਲੀਆਂ ਦੀ ਰਾਣੀ ਤਾਂ ਬਣਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਪੁੱਤੋ ਮਾਂ ਦਾ ਅਦਬ ਨਹੀਓਂ ਭੁੱਲਣਾ।
ਹੋਰਾਂ ਬੋਲੀਆਂ ਦੇ ਉੱਤੇ ਨਹੀਂ ਡੁੱਲਣਾ।
ਝੰਡਾ ਫਤਹਿ ਦਾ ਨਾ ਇਹਦੇ ਬਿਨਾਂ ਝੁੱਲਣਾ।
ਮਾਸੀਆਂ ਨੂੰ ਮਾਸੀਆਂ ਦੀ ਥਾਂ ਦਿਖਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਸਿੱਖੋ ਜੰਮ ਜੰਮ ਬੋਲੀਆਂ ਬਥੇਰੀਆਂ।
ਤੇਜ਼ ਬੁੱਧੀ ਦੀਆਂ ਆਉਣ ਦਿਓ ਹਨੇਰੀਆਂ।
ਢੂੰਡੋ ਜੱਗ ਦੇ ਗਿਆਨ ਦੀਆਂ ਢੇਰੀਆਂ।
ਲਿਆ ਕੇ ਏਸ ਦੇ ਖ਼ਜ਼ਾਨੇ 'ਚ ਲੁਟਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਬੋਲੀ ਬਣੇਗੀ ਇਹ ਕਦੋਂ ਸੰਚਾਰ ਦੀ।
ਦੇਸ਼ ਤੇ ਵਿਦੇਸ਼ ਦੇ ਵਿੱਚ ਰੁਜ਼ਗਾਰ ਦੀ।
ਨਿੱਤ ਕਲਮ ਮੇਰੀ ਹੈ 'ਵਾਜ਼ਾਂ ਮਾਰਦੀ।
ਪੰਜਾਬੀ ਸ਼ਬਦਾਂ ਦਾ ਝੱਖੜ ਝੁਲਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।
ਲੋੜ ਬਣੀ ਡਾਢੀ ਇਹਦੇ ਪ੍ਰਚਾਰ ਦੀ।
ਭੀੜ ਵੈਰੀਆਂ ਦੀ ਨਿੱਤ ਛਾਲਾਂ ਮਾਰਦੀ।
ਰੁਪਾਲ ਚਿੜੀ ਤਾਂ ਕਦੇ ਵੀ ਨਾ ਹਾਰਦੀ।
ਇਹਨੂੰ ਬਾਜਾਂ ਨਾਲ ਅੱਜ ਟਕਰਾ ਦੇਈਏ।
ਇਹਦੇ ਸੀਸ ਉੱਤੇ ਤਾਜ ਤਾਂ ਟਿਕਾ ਦੇਈਏ।



# ਜਾਰਜ ਸੋਰੋਸ ਕੌਣ ਹੈ?
# ਕਿਸਨੇ ਪੀਐੱਮ ਮੋਦੀ ਦੀ ਆਲੋਚਨਾ ਕੀਤੀ?

### ਭਾਰਤੀ ਜਨਤਾ ਪਾਰਟੀ ਨੇ ਅਮਰੀਕੀ ਕਾਰੋਬਾਰੀ ਜਾਰਜ ਸੋਰੋਸ 'ਤੇ ਕੀਤਾ ਤਿੱਖਾ ਹਮਲਾ




ਨਿਊਯਾਰਕ:-ਜਾਰਜ ਸੋਰੋਸ ਖ਼ਿਲਾਫ਼ ਅਮਰੀਕਾ, ਅਰਮਾਨੀਆ, ਆਸਟ੍ਰੇਲੀਆ, ਰੂਸ, ਫਿਲੀਪਾਈਨਜ਼ ਵਿੱਚ ਵੀ ਮੁਹਿੰਮਾਂ ਚਲਾਈਆਂ ਜਾਂਦੀਆਂ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਨੇ ਅਮਰੀਕੀ ਕਾਰੋਬਾਰੀ ਜਾਰਜ ਸੋਰੋਸ 'ਤੇ ਤਿੱਖਾ ਹਮਲਾ ਕੀਤਾ ਹੈ। ਅਮਰੀਕੀ ਕਾਰੋਬਾਰੀ ਜਾਰਜ ਸੋਰੋਸ ਦੀ ਭਾਰਤ ਦੇ ਪ੍ਰਧਾਨ ਮੰਤਰੀ ਖ਼ਿਲਾਫ਼ ਟਿੱਪਣੀ ਉੱਤੇ ਭਾਰਤੀ ਜਨਤਾ ਪਾਰਟੀ ਦੇ ਕਈ ਆਗੂਆਂ ਨੂੰ ਗੁੱਸਾ ਆਇਆ।

ਜਾਰਜ ਸੋਰੋਸ ਨੇ ਜਰਮਨੀ ਦੇ ਮਿਊਨਿਖ ਰੱਖਿਆ ਸੰਮੇਲਨ ਵਿੱਚ ਕਿਹਾ ਸੀ, ''ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਤੰਤਰਿਕ ਨਹੀਂ ਹਨ। ਨਰਿੰਦਰ ਮੋਦੀ ਦੇ ਵੱਡਾ ਆਗੂ ਬਣਨ ਦਾ ਕਾਰਨ ਭਾਰਤੀ ਮੁਸਲਮਾਨਾਂ ਖ਼ਿਲਾਫ਼ ਹੋਈ ਹਿੰਸਾ ਹੈ।''

ਸ਼ੁੱਕਰਵਾਰ ਨੂੰ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਇਸੇ ਬਿਆਨ ਖ਼ਿਲਾਫ਼ ਪ੍ਰੈੱਸ ਕਾਨਫਰੰਸ ਕੀਤੀ ਤੇ ਕਿਹਾ ਕਿ ਜਾਰਜ ਸੋਰੋਸ ਦਾ ਬਿਆਨ ਭਾਰਤ ਦੀ ਲੋਕਤੰਤਰਿਕ ਪ੍ਰਕਿਰਿਆ ਨੂੰ ਬਰਬਾਦ ਕਰਨ ਦਾ ਐਲਾਨ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀ ਸੋਰੋਸ ਨੂੰ ਜਵਾਬ ਦਿੱਤਾ ਹੈ।

## ਮੋਦੀ ਹਿੰਦੂ ਰਾਸ਼ਟਰਵਾਦੀ ਦੇਸ਼ ਬਣਾ ਰਹੇ ਹਨ- ਸੋਰੋਸ

ਲੋਕਤੰਤਰ ਦੇ ਹੱਕ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਨਾਲ ਜੁੜੇ ਜਾਰਜ ਸੋਰੋਸ ਨੇ ਭਾਰਤ ਵਿੱਚ ਲੋਕਤੰਤਰ ਦੀ ਬਹਾਲੀ ਬਾਰੇ ਵੀ ਆਪਣੀ ਰਾਇ ਰੱਖੀ ਸੀ। ਉਨ੍ਹਾਂ ਵਿਵਾਦਾਂ ਵਿੱਚ ਘਿਰੇ ਹੋਏ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਬਾਰੇ ਵੀ ਆਪਣੇ ਪੱਖ ਰੱਖੇ ਸਨ। ਸੋਰੋਸ ਮੁਤਾਬਕ ਮੋਦੀ ਹਾਲ ਦੀ ਘੜੀ ਗੌਤਮ ਅਡਾਨੀ ਮਾਮਲੇ 'ਚ ਚੁੱਪ ਹਨ ਪਰ ਉਨ੍ਹਾਂ ਨੂੰ ਵਿਦੇਸ਼ੀ ਨਿਵੇਸ਼ਕਾਂ ਦੇ ਸਵਾਲਾਂ ਦਾ ਜਵਾਬ ਸੰਸਦ 'ਚ ਦੇਣਾ ਹੋਵੇਗਾ। ਇਸ ਨਾਲ ਸਰਕਾਰ 'ਤੇ ਉਨ੍ਹਾਂ ਦੀ ਪਕੜ ਕਮਜ਼ੋਰ ਹੋਵੇਗੀ। ਉਨ੍ਹਾਂ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਇਸ ਨਾਲ ਭਾਰਤ ਵਿੱਚ ਲੋਕਤੰਤਰਿਕ ਪ੍ਰਕਿਰਿਆ ਦਾ 'ਪੁਨਰ-ਉਥਾਨ' ਹੋਵੇਗਾ।

ਇਸ ਤੋਂ ਪਹਿਲਾਂ ਜਨਵਰੀ 2020 'ਚ ਦਾਵੋਸ 'ਚ ਹੋਈ ਵਿਸ਼ਵ ਆਰਥਿਕ ਫੋਰਮ ਦੀ ਬੈਠਕ ਦੇ ਇਕ ਪ੍ਰੋਗਰਾਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਸੋਰੋਸ ਨੇ ਕਿਹਾ ਸੀ, ''ਭਾਰਤ ਨੂੰ ਹਿੰਦੂ ਰਾਸ਼ਟਰਵਾਦੀ ਦੇਸ਼ ਬਣਾਇਆ ਜਾ ਰਿਹਾ ਹੈ। ਭਾਰਤ ਲਈ ਇਹ ਸਭ ਤੋਂ ਵੱਡਾ ਅਤੇ ਭਿਆਨਕ ਝਟਕਾ ਹੈ, ਜਿੱਥੇ ਲੋਕਤੰਤਰਿਕ ਢੰਗ ਨਾਲ ਚੁਣੇ ਗਏ ਨਰਿੰਦਰ ਮੋਦੀ ਭਾਰਤ ਨੂੰ ਹਿੰਦੂ ਰਾਸ਼ਟਰਵਾਦੀ ਦੇਸ਼ ਬਣਾ ਰਹੇ ਹਨ।''ਉਨ੍ਹਾਂ ਇਹ ਵੀ ਕਿਹਾ ਕਿ ਮੋਦੀ ਕਸ਼ਮੀਰ ਦੇ ਲੋਕਾਂ ਨੂੰ ਪਾਬੰਦੀਆਂ ਲਗਾ ਕੇ ਸਜ਼ਾ ਦੇ ਰਹੇ ਹਨ ਅਤੇ ਨਾਗਰਿਕਤਾ ਕਾਨੂੰਨ (ਸੀਏਏ) ਰਾਹੀਂ ਲੱਖਾਂ ਮੁਸਲਮਾਨਾਂ ਤੋਂ ਨਾਗਰਿਕਤਾ ਖੋਹਣ ਦੀ ਧਮਕੀ ਦੇ ਰਹੇ ਹਨ।

ਭਾਜਪਾ ਆਗੂ ਸਮ੍ਰਿਤੀ ਇਰਾਨੀ ਨੇ ਕਿਹਾ ਹੈ ਕਿ ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਹੈ। ਸ਼ੁੱਕਰਵਾਰ ਨੂੰ ਸੋਰੋਸ 'ਤੇ ਹਮਲਾ ਕਰਦਿਆਂ ਸਮ੍ਰਿਤੀ ਇਰਾਨੀ ਨੇ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਬੈਠੇ ਕੇ ਭਾਰਤ ਦੇ ਲੋਕਤੰਤਰਿਕ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਰਾਨੀ ਨੇ ਸਾਰੇ ਭਾਰਤੀਆਂ ਨੂੰ ਇਸ ਦਾ ਮੂੰਹ-ਤੋੜ ਜਵਾਬ ਦੇਣ ਦੀ ਅਪੀਲ ਕੀਤੀ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ, ''ਮਿਸਟਰ ਸੋਰੋਸ ਨਿਊਯਾਰਕ ਵਿੱਚ ਬੈਠੇ ਇੱਕ ਬਜ਼ੁਰਗ, ਅਮੀਰ ਤੇ ਵਿਸ਼ੇਸ਼ ਵਿਚਾਰਧਾਰਾ ਵਾਲੇ ਵਿਅਕਤੀ ਹਨ ਜੋ ਅਜੇ ਵੀ ਸੋਚਦੇ ਹਨ ਕਿ ਪੂਰੀ ਦੁਨੀਆਂ ਉਨ੍ਹਾਂ ਦੇ ਵਿਚਾਰਾਂ ਅਨੁਸਾਰ ਕੰਮ ਕਰੇ।''

## ਕਾਂਗਰਸ ਨੇ ਵੀ ਆਪਣੀ ਪ੍ਰਤੀਕਿਰਿਆ ਦਿੱਤੀ

ਕਾਂਗਰਸ ਦੇ ਜਨਰਲ ਸਕੱਤਰ ਅਤੇ ਪਾਰਟੀ ਦੇ ਮੀਡੀਆ ਮੁਖੀ ਜੈਰਾਮ ਰਮੇਸ਼ ਨੇ ਟਵੀਟ ਕੀਤਾ, "ਪ੍ਰਧਾਨ ਮੰਤਰੀ ਨਾਲ ਜੁੜਿਆ ਅਡਾਨੀ ਘੁਟਾਲਾ ਭਾਰਤ ਵਿੱਚ ਲੋਕਤੰਤਰੀ ਪੁਨਰ-ਉਥਾਨ ਦੀ ਸ਼ੁਰੂਆਤ ਕਰਦਾ ਹੈ ਜਾਂ ਨਹੀਂ, ਇਹ ਪੂਰੀ ਤਰ੍ਹਾਂ ਕਾਂਗਰਸ, ਵਿਰੋਧੀ ਧਿਰ ਅਤੇ ਸਾਡੀ ਚੋਣ ਪ੍ਰਕਿਰਿਆ 'ਤੇ ਨਿਰਭਰ ਕਰਦਾ ਹੈ।"''ਇਸਦਾ ਜਾਰਜ ਸੋਰੋਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਸਾਡੀ ਨਹਿਰੂਵਾਦੀ ਵਿਰਾਸਤ ☛

GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309
ਦੇਗ ਤੇਗ ਫਤਿਹ — ਪੰਥ ਕੀ ਜੀਤ

25 ਫਰਵਰੀ, ਦਿਨ ਸ਼ਨਿੱਚਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
26 ਫਰਵਰੀ, ਦਿਨ ਐਤਵਾਰ............ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
26 ਫਰਵਰੀ, ਦਿਨ ਐਤਵਾਰ............ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਦਵਿੰਦਰ ਕੌਰ ਬਾਂਸਲ ਅਤੇ ਪਰਿਵਾਰ ਵਲੋਂ ਹੋਵੇਗੀ।
26 ਫਰਵਰੀ, ਦਿਨ ਐਤਵਾਰ............ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸਾਧੂ ਸਿੰਘ ਖਿਆੜਾ ਵਲੋਂ ਹੋਵੇਗੀ।
27 ਫਰਵਰੀ, ਦਿਨ ਸੋਮਵਾਰ............ਸਵੇਰੇ 12:30 ਵਜੇ ਸਵਰਗਵਾਸੀ ਭਾਈ ਰੁਪਿੰਦਰ ਸਿੰਘ ਬਲਿੰਗ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
28 ਫਰਵਰੀ, ਦਿਨ ਮੰਗਲਵਾਰ..........ਬਾਅਦ ਦੁਪਹਿਰ 3:30 ਵਜੇ ਸਵਰਗਵਾਸੀ ਭਾਈ ਗੁਰਦੇਵ ਸਿੰਘ ਸਹੋਤਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
4 ਮਾਰਚ, ਦਿਨ ਸ਼ਨਿੱਚਰਵਾਰ...........ਸਵੇਰੇ ਨੂੰ ਲੰਗਰ ਦੀ ਸੇਵਾ ਭਾਈ ਦਰਸ਼ਨ ਸਿੰਘ ਮਾਂਗਟ ਅਤੇ ਪਰਿਵਾਰ ਵਲੋਂ ਹੋਵੇਗੀ।
5 ਮਾਰਚ, ਦਿਨ ਐਤਵਾਰ...............ਸਵੇਰ ਨੂੰ 9:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
5 ਮਾਰਚ, ਦਿਨ ਐਤਵਾਰ...............ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸਰਬਜੀਤ ਸਿੰਘ ਬੜੈਚ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੈਂਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਇੱਕ ਵਿਅਕਤੀ ਕੰਪਿਊਟਰ ਦੀ ਦੁਕਾਨ ਵਿੱਚ ਕੇ ਬੋਲਿਆ, ''ਸੁਣਿਆ ਹੈ ਅੱਜਕੱਲ੍ਹ ਸਾਰੇ ਕੰਮ ਕੰਪਿਊਟਰ ਨਾਲ ਹੋ ਰਹੇ ਹਨ?''

ਦੁਕਾਨ ਵਾਲਾ, ''ਜੀ ਹਾਂ, ਹੋ ਰਹੇ ਹਨ।''

ਵਿਅਕਤੀ, ''ਸਾਡੇ ਪਾਸੇ ਵਰਖਾ ਨਹੀਂ ਹੋ ਰਹੀ, ਜ਼ਰਾ ਪਾਣੀ ਡਾਊਨਲੋਡ ਕਰਵਾਉਣਾ ਸੀ।''

*********

ਸੰਨੀ, ''ਤੁਸੀਂ ਇੰਨੇ ਕਾਮਯਾਬ ਕਿਵੇਂ ਹੋ?''

ਰਵੀ, ''ਮੈਂ ਹਰ ਕੰਮ ਗਰਲਫ੍ਰੈਂਡ ਤੋਂ ਪੁੱਛ ਕੇ ਕਰਦਾ ਹਾਂ।''

ਸੰਨੀ, ''...ਤਾਂ ਉਹ ਬਹੁਤ ਸਮਝਦਾਰ ਹੋਵੇਗੀ?''

ਰਵੀ, ''ਨਹੀਂ, ਉਹ ਜੋ ਬੋਲਦੀ ਹੈ, ਮੈਂ ਉਸ ਦਾ ਉਲਟਾ ਕਰਦਾ ਹਾਂ।''

*********

ਕਮਲ ਨੇ ਰਾਜੇਸ਼ ਨੂੰ ਕਿਹਾ, ''ਭਰਾਵਾ, ਔਰਤ ਜਾਤ ਨੂੰ ਕੋਈ ਨਹੀਂ ਸਮਝ ਸਕਦਾ।''

ਰਾਜੇਸ਼, ''ਕਿਉਂ ਕੀ ਹੋਇਆ?''

ਕਮਲ, ''ਹੋਣਾ ਕੀ ਸੀ, ਤੇਰੀ ਭਾਬੀ ਕਈ ਦਿਨਾਂ ਤੋਂ ਵਿਦੇਸ਼ ਜਾਣ ਦੀ ਜ਼ਿੱਦ ਉੱਤੇ ਅੜੀ ਹੋਈ ਸੀ ਤੇ ਮੇਰੇ ਨਾਲ ਲੜਦੀ ਝਗੜਦੀ ਰਹਿੰਦੀ ਸੀ, ਅੱਜਕੱਲ੍ਹ ਮੈਂ ਚੀਨ ਜਾਣ ਲਈ ਕਹਿ ਰਿਹਾ ਹਾਂ ਤਾਂ ਨਾਂਹ ਕਰ ਰਹੀ ਹੈ।''

*********

ਪਤੀ, ''ਡਾਕਟਰ ਨੇ ਮੈਨੂੰ ਡਾਇਬਟੀਜ਼ ਦੱਸੀ ਹੈ ਅਤੇ ਫਿੱਕੀ ਚਾਹ ਪੀਣ ਲਈ ਕਿਹਾ ਹੈ। ਮੇਰੀ ਚਾਹ ਵਿੱਚ ਖੰਡ ਨਾ ਪਾਵੀਂ।''

ਪਤਨੀ, ''ਮੈਂ ਵੱਖ-ਵੱਖ ਚਾਹ ਨਹੀਂ ਬਣਾਵਾਂਗੀ। ਇਹ ਕੰਮ ਕਰੋ ਕਿ ਇਹ ਲਓ ਲੱਡੂ, ਇਸ ਨੂੰ ਖਾ ਕੇ ਚਾਹ ਪੀ ਲਓ, ਫਿੱਕੀ ਲੱਗੇਗੀ।''

*********

ਰਾਤ ਭਰ ਪਤੀ-ਪਤਨੀ ਲੜਦੇ ਲੜਦੇ ਸੌਂ ਗਏ। ਦੂਜੇ ਦਿਨ ਸਵੇਰ ਹੋਈ ਤਾਂ ਪਤੀ ਉਠਿਆ ਤੇ ਲੇਟੀ ਹੋਈ ਪਤਨੀ ਲਈ ਗਰਮਾ-ਗਰਮਾ ਦੁੱਧ ਲੈ ਕੇ ਹਾਜ਼ਰ ਹੋਇਆ।

ਪਤਨੀ, ''ਇੰਝ ਤੁਸੀਂ ਰਾਤ ਦੀ ਲੜਾਈ ਲਈ ਮੁਆਫੀ ਮੰਗ ਰਹੇ ਹੋ?''

ਪਤੀ, ''ਕਿਸ ਨੇ ਕਿਹਾ ਮੁਆਫੀ ਮੰਗ ਰਿਹਾ ਹਾਂ। ਅੱਜ ਨਾਗ-ਪੰਚਮੀ ਹੈ, ਲੈ ਨਾਗਿਨ ਦੁੱਧ ਪੀ ਲੈ।''

*********

ਲੜਕੇ ਨੇ ਲੜਕੀ ਨੂੰ ਪ੍ਰਪੋਜ਼ ਕੀਤਾ।

ਲੜਕੀ, ''ਅਜਿਹੀ ਕੀ ਖਾਸ ਗੱਲ ਹੈ ਤੇਰੇ ਵਿੱਚ?''

ਲੜਕਾ, ''ਮੇਰੇ ਪਿਤਾ ਜੀ ਪਿੰਡ ਦੇ ਸਭ ਤੋਂ ਵੱਡੇ ਆਦਮੀ ਹਨ।''

ਲੜਕੀ ਤੁਰੰਤ ਵਿਆਹ ਕਰਨ ਲਈ ਤਿਆਰ ਹੋ ਗਈ, ਪਰ ਵਿਆਹ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਲੜਕੇ ਦੇ ਪਿਤਾ ਦੀ ਉਮਰ 99 ਸਾਲ ਹੈ।

*********

ਸਵੇਰੇ ਸਵੇਰੇ ਪਤਨੀ ਨੀਂਦ ਤੋਂ ਉਠਦਿਆਂ ਹੀ ਬੋਲੀ, ''ਮੈਂ ਕਿਹਾ ਜੀ ਸੁਣਦੇ ਹੋ?''

ਪਤੀ, ''ਦੱਸ ਭਾਗਵਾਨੇ, ਕੀ ਹੋਇਆ?''

ਪਤਨੀ, ''ਮੈਨੂੰ ਸੁਫਨਾ ਆਇਆ ਕਿ ਤੁਸੀਂ ਮੇਰੇ ਲਈ ਹੀਰਿਆਂ ਦਾ ਹਾਰ ਲੈ ਕੇ ਆਏ ਹੋ।''

ਪਤੀ, ''ਠੀਕ ਹੈ, ਤਾਂ ਵਾਪਸ ਸੌਂ ਜਾ ਅਤੇ ਪਹਿਨ ਲੈ।''

*********

ਮੁੰਡ ਬੱਸ ਵਿੱਚ ਬਹੁਤ ਦੇਰ ਤੱਕ ਕੁੜੀ ਵੱਲ ਦੇਖਦਾ ਰਿਹਾ ਅਤੇ ਫਿਰ ਨੇੜੇ ਜਾ ਕੇ ਬੋਲਿਆ, ''ਆਈ ਲਵ ਯੂ।''

ਕੁੜੀ, ''ਸੂਰਤ ਨੂੰ ਵੀ ਦੇਖਿਆ ਹੈ ਕਦੇ?''

ਮੁੰਡਾ, ''ਨਹੀਂ, ਮੈਂ ਤਾਂ ਬਸ ਅਹਿਮਦਾਬਾਦ ਤੱਕ ਗਿਆ ਹਾਂ, ਸੂਰਤ ਕਦੇ ਗਿਆ ਹੀ ਨਹੀਂ, ਦੇਖਾਂਗੇ ਕਿਵੇਂ?''

*********

ਪਤਨੀ, ''ਇਸ ਨਰਕ ਵਿੱਚ ਤੇਰੀ ਗੁਲਾਮੀ ਕਰਦੀ-ਕਰਦੀ ਮੈਂ ਤੰਗ ਆ ਗਈ ਹਾਂ। ਲੱਗਦਾ ਹੈ ਕਿ ਪਿਛਲੇ ਜਨਮ ਵਿੱਚ ਮੈਂ ਬਹੁਤ ਮਾੜੇ ਕਰਮ ਕੀਤੇ ਹੋਣਗੇ।''

ਪਤੀ, ''....ਤਾਂ ਇਸ ਵਾਰੀ ਚੰਗੇ ਕਰਮ ਕਰ ਲੈ। ਪੇਕਿਆਂ ਨੂੰ ਜਾ ਅਤੇ ਮੇਰੇ ਘਰ ਨੂੰ ਸਵਰਗ ਬਣਾ ਦੇ।''

*********

ਇੱਕ ਵਿਅਕਤੀ ਹੈਲੀਕਾਪਟਰ ਉਡਾਉਣਾ ਸਿੱਖ ਰਿਹਾ ਸੀ। 500 ਫੁੱਟ ਦੀ ਉੱਚਾਈ ਉੱਤੇ ਉੱਡਦੇ ਉੱਡਦੇ ਅਚਾਨਕ ਹੈਲੀਕਾਪਟਰ ਹੇਠਾਂ ਆ ਡਿੱਗਿਆ।

ਟਰੇਨਰ ਨੇ ਪੁੱਛਿਆ, ''ਕੀ ਹੋਇਆ?''

ਜਵਾਬ ਮਿਲਿਆ, ''ਕੁਝ ਨਹੀਂ, ਉਪਰ ਜਾ ਕੇ ਮੈਨੂੰ ਠੰਢ ਲੱਗਣ ਲੱਗੀ। ਮੈਂ ਪੱਖੇ ਬੰਦ ਕਰ ਦਿੱਤੇ ਸਨ।''

*********

ਓਂਕਾਰ (ਗੋਪੀ ਨੂੰ), ''ਔਰਤਾਂ ਬੜੀਆਂ ਚਲਾਕ ਹੁੰਦੀਆਂ ਹਨ।''

ਗੋਪੀ, ''ਕੀ ਹੋਇਆ?''

ਓਂਕਾਰ, ''ਕੱਲ੍ਹ ਮੈਂ ਆਪਣੀ ਸਾਲੀ ਨੂੰ ਮਜ਼ਾਕ ਵਿੱਚ ਕਿਹਾ ਕਿ ਸਾਲੀ ਅੱਧੀ ਘਰਵਾਲੀ ਹੁੰਦੀ ਹੈ।''

ਗੋਪੀ, ''ਫਿਰ ਕੀ ਹੋਇਆ?''

ਓਂਕਾਰ, ''ਉਹ ਮੇਰੀ ਅੱਧੀ ਤਨਖਾਹ ਮੰਗ ਰਹੀ ਹੈ।''

*********

ਦੋ ਦੋਸਤ ਹੋਟਲ ਵਿੱਚ ਖਾਣਾ ਖਾ ਰਹੇ ਸੀ। ਇੱਕ ਨੇ ਕਿਹਾ, ''ਯਾਰ ਤੁਸੀਂ ਮੇਰੀ ਮਾਂ ਬਣ ਜਾਓ ਅਤੇ ਆਪਣੇ ਹੱਥਾਂ ਨਾਲ ਮੇਰੀ ਪਲੇਟ ਵਿੱਚ ਪਰੋਸਦੇ ਜਾਓ।''

ਖਾਣਾ ਖਾਣ ਤੋਂ ਬਾਅਦ ਦੂਜਾ ਦੋਸਤ ਬੋਲਿਆ, ''ਹੁਣ ਤੂੰ ਮੇਰਾ ਬਾਪ ਬਣ ਜਾ ਤੇ ਬਿੱਲ ਅਦਾ ਕਰ ਦੇ।''

*********

ਪਹਿਲਾ ਕੈਦੀ, ''ਤੁਸੀਂ ਜੇਲ੍ਹ ਵਿੱਚ ਕਿਵੇਂ ਆਏ?''

ਦੂਸਰਾ, ''ਬੱਸ ਇੱਕ ਰੱਸੀ ਚੋਰੀ ਕਰਨ ਦੇ ਦੋਸ਼ ਵਿੱਚ।''

ਪਹਿਲਾ, ''ਇਹ ਤਾਂ ਨਹੀਂ ਹੋ ਸਕਦਾ ਕਿ ਸਿਰਫ ਰੱਸੀ ਚੋਰੀ ਕਰਨ ਉੱਤੇ ਜੇਲ੍ਹ ਹੋ ਜਾਵੇ।''

ਦੂਸਰਾ, ''ਭਰਾ ਉਸ ਦੇ ਦੂਜੇ ਸਿਰੇ ਉੱਤੇ ਮੱਝ ਬੰਨ੍ਹੀ ਸੀ।''

*********

ਕਿਸੇ ਨੇ ਗੁਲਫਾਮ ਸਾਹਿਬ ਤੋਂ ਗੁਆਚੇ ਹੋਏ ਆਤਮ ਵਿਸ਼ਵਾਸ ਨੂੰ ਜਗਾਉਣ ਦਾ ਫਾਰਮੂਲਾ ਪੁੱਛਿਆ ਤਾਂ ਉਹ ਮੁਸਕਰਾ ਕੇ ਬੋਲੇ, ''ਸਭ ਤੋਂ ਪਹਿਲਾਂ ਕੁਰਸੀ ਉੱਤੇ ਆਕੜ ਕੇ ਬੈਠ ਜਾਓ।

ਫਿਰ ਮੱਧਮ ਆਵਾਜ਼ ਵਿੱਚ ਵਾਰ-ਵਾਰ ਕਹੋ, ਮੇਰੇ ਵਿੱਚ ਦਲੇਰੀ ਹੈ, ਸ਼ਕਤੀ ਹੈ, ਹਿੰਮਤ ਹੈ, ਦਮ ਹੈ।''''ਮੱਧਮ ਆਵਾਜ਼ ਵਿੱਚ ਬੋਲਣ ਦੀ ਕੀ ਲੋੜ ਹੈ?

ਕੀ ਮੈਂ ਤੇਜ਼ ਆਵਾਜ਼ ਵਿੱਚ ਨਹੀਂ ਬੋਲ ਸਕਦਾ?'' ਦੂਜੇ ਵਿਅਕਤੀ ਨੇ ਪੁੱਛਿਆ।

''ਜੇ ਤੁਸੀਂ ਤੇਜ਼ ਆਵਾਜ਼ ਵਿੱਚ ਬੋਲੋਗੇ ਤਾਂ ਲੋਕ ਕਹਿਣਗੇ ਕਿ ਇਹ ਪਾਗਲ ਹੈ। ਇਸ ਨੂੰ ਕਿਸੇ ਮਨੋਰੋਗ ਮਾਹਿਰ ਦੇ ਕੋਲ ਲੈ ਜਾਓ।'' ਗੁਲਫਾਮ ਸਾਹਿਬ ਨੇ ਆਪਣੇ ਤਜਰਬੇ ਦੀ ਮਿਸਾਲ ਦਿੰਦੇ ਹੋਏ ਦੱਸਿਆ।

*********

ਮਰੀਜ਼, ''ਮੈਨੂੰ ਕੋਈ ਗੱਲ ਇੱਕ ਮਿੰਟ ਲਈ ਵੀ ਯਾਦ ਨਹੀਂ ਰਹਿੰਦੀ।''

ਡਾਕਟਰ, ''ਅਜਿਹਾ ਕਦੋਂ ਤੋਂ ਹੈ?''

ਮਰੀਜ਼, ''ਕੀ ਕਦੋਂ ਤੋਂ ਹੈ।''

*********

ਕਮਲ, ''ਤੁਸੀਂ ਮੈਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ।''

ਵਿਨੋਦ, ''ਨਹੀਂ, ਜਿਹੜਾ ਕੰਮ ਕੁਦਰਤ ਖੁਦ ਕਰ ਰਹੀ ਹੈ, ਮੈਂ ਉਸ ਵਿੱਚ ਦਖਲ ਨਹੀਂ ਦਿੰਦਾ।''

*********

ਸਕੂਲ ਦਾ ਮੁੱਖ ਅਧਿਆਪਕ, ''ਸੇਠ ਜੀ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੈਂ ਤੁਹਾਡੇ ਬੇਟੇ ਨੂੰ ਸਕੂਲ ਵਿੱਚ ਭਰਤੀ ਨਹੀਂ ਕਰ ਸਕਦਾ, ਕਿਉਂਕਿ ਸਕੂਲ ਵਿੱਚ ਕੋਈ ਸੀਟ ਖਾਲੀ ਨਹੀਂ ਹੈ।''

ਸੇਠ ਜੀ, ''ਤੁਸੀਂ ਬੱਚੇ ਨੂੰ ਭਰਤੀ ਕਰ ਲਓ, ਇਸ ਦੇ ਲਈ ਸੀਟ ਮੈਂ ਘਰੋਂ ਭੇਜ ਦਿਆਂਗਾ।''

*********

ਇੱਕ ਵਿਅਕਤੀ ਨੇ ਕਵੀ ਨੂੰ ਪੁੱਛਿਆ, ''ਤੁਹਾਡੇ ਕੋਲ 100 ਰੁਪਏ ਦੇ ਖੁੱਲ੍ਹੇ ਨੋਟ ਹਨ?''

ਕਵੀ, ''100 ਰੁਪਏ ਦੇ ਖੁੱਲ੍ਹੇ ਤਾਂ ਨਹੀਂ ਹਨ, ਪਰ ਇਹ ਪੁੱਛ ਕੇ ਤੁਸੀਂ ਮੇਰੀ ਜੋ ਇੱਜ਼ਤ ਵਧਾਈ ਹੈ, ਮੈਂ ਉਸ ਦੇ ਲਈ ਧੰਨਵਾਦੀ ਹਾਂ।''

*********

ਮ ਾ ਸ ਟ ਰ(ਵਿਦਿਆਰਥੀ ਨੂੰ)-ਜੇ ਤੁਹਾਡੇ ਕੰਨ ਨਾ ਹੁੰਦੇ ਤਾਂ ਕੀ ਹੁੰਦਾ?

ਵਿਦਿਆਰਥੀ-ਮਾਸਟਰ ਜੀ, ਫਿਰ ਤੁਸੀਂ ਸਾਡੇ ਕੰਨ ਨਹੀਂ ਸੀ ਖਿੱਚ ਸਕਦੇ।

*********

ਪਤਨੀ : ਸੱਚਸੱਚ ਦੱਸੋ, ਫ਼ਿਲਮ ਵਿਚ ਜਿੰਨੀਆਂ ਕੁੜੀਆਂ ਦੇਖੀਆਂ, ਉਨ੍ਹਾਂ ਵਿਚੋਂ ਕੋਈ ਮੇਰੇ ਜਿੰਨੀ ਸੋਹਣੀ ਸੀ?

ਪਤੀ : ਨਹੀਂ-ਨਹੀਂ, ਸਾਰੀ ਦੁਨੀਆ ਵਿਚ ਤੇਰੇ ਵਰਗੀ

ਸੋਹਣੀ ਔਰਤ ਨਹੀਂ ਹੈ।

ਪਤਨੀ-ਜੀ ਤੁਸੀਂ ਕਿੰਨੇ ਚੰਗੇ ਹੋ ਤੇ ਵਫ਼ਾਦਾਰ ਵੀ।

ਪਤੀ-ਅਤੇ ਡਰਪੋਕ ਵੀ।

*********

ਇਕ ਸਾਈਕਲ ਸਵਾਰ ਨੇ ਆਪਣੇ ਸਾਈਕਲ ਦੇ

ਡੰਡੇ 'ਤੇ ਆਪਣੇ ਬੱਚੇ ਨੂੰ ਬਿਠਾਇਆ ਹੋਇਆ ਸੀ ਅਤੇ ਬੱਚੇ ਦੇ ਕੰਨ 'ਤੇ ਚਪੇੜਾਂ ਮਾਰੀ ਜਾ ਰਿਹਾ ਸੀ ਅਤੇ ਉਹ ਬੱਚਾ ਉੱਚੀ-ਉੱਚੀ ਰੋ ਰਿਹਾ ਸੀ।

ਉਸ ਬੱਚੇ ਦੇ ਪਿਤਾ

ਨੂੰ ਕਿਸੇ ਨੇ ਕਿਹਾ, 'ਭਾਈ ਸਾਹਿਬ, ਤੁਸੀਂ ਆਪਣੇ ਬੱਚੇ ਨੂੰ ਜਾਣਬੁੱਝ ਕੇ ਕਿਉਂ ਰਵਾਉਂਦੇ ਹੋ? ਚੁੱਪ ਕਿਉਂ ਨਹੀਂ ਕਰਾਉਂਦੇ?'

ਸਾਈਕਲ ਸਵਾਰ-ਭਾਈ ਸਾਹਿਬ, ਮੇਰੇ ਸਾਈਕਲ 'ਤੇ ਘੰਟੀ ਨਹੀਂ ਹੈ, ਇਸ ਲਈ।

*********

ਇੱਕ ਛੋਟੇ ਜਵਾਕ ਨੇ ਆਪਣੀ ਮਾਂ ਨੂੰ ਪੁੱਛਿਆਂ ਮਾਂ ਮੈ ਏਨਾ ਵੱਡਾ ਕਦੋ ਹੋਵਾਗਾ ਕਿ ਤੇਰੇ ਤੋਂ ਪੁੱਛੇ

ਬਿਨਾ ਕਿਤੇ ਵੀ ਆ ਜਾਹ ਸਕਾਂਗਾ.....?

ਅੱਗੋ ਮਾਂ ਨੇ ਦਿਲ ਛੋਹਣ ਵਾਲਾ ਜਵਾਬ ਦਿੱਤਾ.......

ਪੁੱਤਰਾ ਏਨਾ ਵੱਡਾ ਤਾ ਤੇਰਾ ਅਜੇ ਬਾਪੂ ਵੀ ਨੀ ਹੋਇਆ ਕਿ ਮੇਰੇ ਤੋ ਪੁੱਛੇ ਬਿਨਾ ਕਿਤੇ ਆ ਜਾਹ ਸਕੇ।

*********


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- **ਬੀ.ਸੀ.** ਅਤੇ **ਐਲਬਰਟਾ** ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

**ਵਕੀਲ ਅਤੇ ਨੋਟਰੀ ਪਬਲਿਕ**

**778 835 8455**

#201-13049 76th Avenue, Surrey BC V3W2V7

www.rainalaw.com Email : craina@rainalaw.com

ਇਹ ਯਕੀਨੀ ਬਣਾਉਂਦੀ ਹੈ ਕਿ ਉਸ ਵਰਗੇ ਲੋਕ ਸਾਡੇ ਚੋਣ ਨਤੀਜਿਆਂ ਦਾ ਫ਼ੈਸਲਾ ਨਹੀਂ ਕਰ ਸਕਦੇ।"ਸ਼ਿਵ ਸੈਨਾ ਦੀ ਰਾਜ ਸਭਾ ਮੈਂਬਰ ਪ੍ਰਿਅੰਕਾ ਚਤੁਰਵੇਦੀ ਨੇ ਭਾਜਪਾ 'ਤੇ ਨਿਸ਼ਾਨਾ ਸਾਧਿਆ ਹੈ।

ਉਨ੍ਹਾਂ ਨੇ ਟਵੀਟ ਕੀਤਾ, ''ਜਾਰਜ ਸੋਰੋਸ ਕੌਣ ਹੈ ਅਤੇ ਭਾਜਪਾ ਦਾ ਟ੍ਰੋਲ ਮੰਤਰਾਲਾ ਉਸ 'ਤੇ ਪ੍ਰੈੱਸ ਕਾਨਫਰੰਸ ਕਿਉਂ ਕਰ ਰਿਹਾ ਹੈ?" ਉਨ੍ਹਾਂ ਲਿਖਿਆ,"ਵੈਸੇ, ਮੰਤਰੀ ਜੀ, ਤੁਸੀਂ ਭਾਰਤ ਦੀ ਚੋਣ ਪ੍ਰਕਿਰਿਆ 'ਚ ਇਜ਼ਰਾਈਲੀ ਏਜੰਸੀ ਦੀ ਦਖਲਅੰਦਾਜ਼ੀ 'ਤੇ ਕੁਝ ਕਹਿਣਾ ਚਾਹੋਗੇ, ਜੋ ਭਾਰਤ ਦੇ ਲੋਕਤੰਤਰ ਲਈ ਵੱਡਾ ਖ਼ਤਰਾ ਹੈ।"ਤ੍ਰਿਣਮੂਲ ਕਾਂਗਰਸ ਦੀ ਲੋਕ ਸਭਾ ਮੈਂਬਰ ਮਹੂਆ ਮੋਇਤਰਾ ਨੇ ਸਮ੍ਰਿਤੀ ਇਰਾਨੀ 'ਤੇ ਵਿਅੰਗ ਕਰਦਿਆਂ ਕਿਹਾ, "ਸਤਿਕਾਰਯੋਗ ਕੈਬਨਿਟ ਮੰਤਰੀ ਨੇ ਹਰ ਭਾਰਤੀ ਨੂੰ ਜਾਰਜ ਸੋਰੋਸ ਨੂੰ ਮੂੰਹ-ਤੋੜ ਜਵਾਬ ਦੇਣ ਲਈ ਕਿਹਾ ਹੈ।ਕਿਰਪਾ ਕਰਕੇ ਅੱਜ ਸ਼ਾਮ 6 ਵਜੇ ਥਾਲੀਆਂ ਵਜਾਓ।

### ਕੌਣ ਹਨ ਜਾਰਜ ਸੋਰੋਸ?

ਜਾਰਜ ਸੋਰੋਸ ਇੱਕ ਅਮਰੀਕੀ ਅਰਬਪਤੀ ਉਦਯੋਗਪਤੀ ਹਨ। ਬਰਤਾਨੀਆਂ ਵਿੱਚ, ਉਨ੍ਹਾਂ ਨੂੰ 1992 ਵਿੱਚ ਬੈਂਕ ਆਫ਼ ਇੰਗਲੈਂਡ ਨੂੰ ਬਰਬਾਦ ਕਰਨ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ।ਉਨ੍ਹਾਂ ਦਾ ਜਨਮ ਹੰਗਰੀ ਵਿੱਚ ਇੱਕ ਯਹੂਦੀ ਪਰਿਵਾਰ 'ਚ ਹੋਇਆ ਸੀ।ਜਦੋਂ ਹਿਟਲਰ ਦੇ ਨਾਜ਼ੀ ਜਰਮਨੀ ਵਿੱਚ ਯਹੂਦੀਆਂ ਨੂੰ ਮਾਰਿਆ ਜਾ ਰਿਹਾ ਸੀ ਤਾਂ ਉਹ ਕਿਸੇ ਤਰ੍ਹਾਂ ਬਚ ਗਏ ਸਨ।ਬਾਅਦ ਵਿੱਚ ਉਹ ਕਮਿਊਨਿਸਟ ਦੇਸ਼ ਛੱਡ ਕੇ ਪੱਛਮੀ ਦੇਸ਼ ਆ ਗਏ। ਉਹ ਸਟਾਕ ਮਾਰਕੀਟ ਵਿੱਚ ਪੈਸਾ ਲਗਾਉਂਦੇ ਸਨ ਤੇ ਇਸ ਤੋਂ ਉਨ੍ਹਾਂ ਨੇ ਕਰੀਬ 44 ਬਿਲੀਅਨ ਡਾਲਰ ਕਮਾਏ।ਇਸ ਪੈਸੇ ਨਾਲ, ਉਨ੍ਹਾਂ ਨੇ ਹਜ਼ਾਰਾਂ ਸਕੂਲ ਸਥਾਪਿਤ ਕੀਤੇ ਤੇ ਹਸਪਤਾਲ ਬਣਵਾਏ।ਉਹ ਲੋਕਤੰਤਰ ਲਈ ਕੰਮ ਕਰਦੀਆਂ ਸੰਸਥਾਵਾਂ ਤੇ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਮਦਦ ਵੀ ਕਰਦੇ ਰਹੇ ਸਨ।1979 ਵਿੱਚ, ਉਨ੍ਹਾਂ ਨੇ ਓਪਨ ਸੋਸਾਇਟੀ ਫਾਊਂਡੇਸ਼ਨ ਦੀ ਸਥਾਪਨਾ ਕੀਤੀ, ਜੋ ਹੁਣ ਕਰੀਬ 120 ਦੇਸ਼ਾਂ ਵਿੱਚ ਕੰਮ ਕਰਦੀ ਹੈ।ਆਪਣੇ ਕੰਮ ਕਾਰਨ ਉਹ ਹਮੇਸ਼ਾ ਸੱਜੇ ਪੱਖੀ ਧਿਰਾਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ।ਉਨ੍ਹਾਂ ਨੇ 2003 ਦੀ ਇਰਾਕ ਜੰਗ ਦੀ ਆਲੋਚਨਾ ਕੀਤੀ ਅਤੇ ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਨੂੰ ਲੱਖਾਂ ਡਾਲਰ ਦਾਨ ਦਿੱਤੇ ਸਨ।ਇਸ ਤੋਂ ਬਾਅਦ ਅਮਰੀਕੀ ਸੱਜੇ ਪੱਖੀਆਂ ਦੇ ਉਨ੍ਹਾਂ 'ਤੇ ਹਮਲੇ ਹੋਰ ਤੇਜ਼ ਹੋ ਗਏ ਸਨ।ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਬਣਨ ਤੋਂ ਬਾਅਦ, ਸੋਰੋਸ 'ਤੇ ਹਮਲਿਆਂ ਨੇ ਨਵਾਂ ਰੂਪ ਲੈਣਾ ਸ਼ੁਰੂ ਕਰ ਦਿੱਤਾ ਸੀ।ਇੱਥੋਂ ਤੱਕ ਕਿ ਡੌਨਲਡ ਟਰੰਪ ਨੇ ਰਾਸ਼ਟਰਪਤੀ ਦੇ ਆਹੁਦੇ 'ਤੇ ਹੁੰਦਿਆਂ ਉਨ੍ਹਾਂ ਬਾਰੇ ਕਈ ਵਾਰ ਟਿੱਪਣੀਆਂ ਕੀਤੀਆਂ ਸਨ।2019 ਵਿੱਚ, ਟਰੰਪ ਨੇ ਇੱਕ ਵੀਡੀਓ ਨੂੰ ਰੀਟਵੀਟ ਕਰਦਿਆਂ ਦਾਅਵਾ ਕੀਤਾ ਸੀ ਕਿ ਸੋਰੋਸ ਨੇ ਹੋਂਡੂਰਾਸ ਤੋਂ ਆਉਣ ਵਾਲੇ ਹਜ਼ਾਰਾਂ ਸ਼ਰਨਾਰਥੀਆਂ ਨੂੰ ਅਮਰੀਕੀ ਸਰਹੱਦ ਪਾਰ ਕਰਨ ਲਈ ਪੈਸੇ ਦਿੱਤੇ ਸਨ।ਜਦੋਂ ਟਰੰਪ ਨੂੰ ਪੁੱਛਿਆ ਗਿਆ ਕਿ ਕੀ ਇਸ ਪਿੱਛੇ ਸੋਰੋਸ ਦਾ ਹੱਥ ਹੈ ਤਾਂ ਟਰੰਪ ਦਾ ਜਵਾਬ ਸੀ ਕਿ ਬਹੁਤ ਸਾਰੇ ਲੋਕ ਇਹੀ ਕਹਿੰਦੇ ਹਨ ਅਤੇ ਜੇਕਰ ਅਜਿਹਾ ਹੈ ਤਾਂ ਉਹ ਵੀ ਇਸ ਤੋਂ ਹੈਰਾਨ ਨਹੀਂ ਹੋਣਗੇ।ਬਾਅਦ ਵਿੱਚ ਪਤਾ ਲੱਗਿਆ ਕਿ ਸੋਰੋਸ ਨੇ ਕਿਸੇ ਨੂੰ ਕੋਈ ਪੈਸਾ ਨਹੀਂ ਸੀ ਦਿੱਤਾ ਤੇ ਟਰੰਪ ਨੇ ਜੋ ਵੀਡੀਓ ਸਾਂਝਾ ਕੀਤਾ ਸੀ ਉਹ ਫ਼ੇਕ ਸੀ।

ਅਕਤੂਬਰ 2018 ਵਿੱਚ, ਇੱਕ ਅਮਰੀਕੀ ਕੱਟੜਵਾਦੀ ਨੇ ਇੱਕ ਪ੍ਰਾਰਥਨਾ ਸਥਾਨ ਵਿੱਚ ਗੋਲੀਬਾਰੀ ਕੀਤੀ ਸੀ ਜਿਸ ਵਿੱਚ 11 ਯਹੂਦੀਆਂ ਦੀ ਮੌਤ ਹੋ ਗਈ।ਸ਼ੂਟਰ ਰੌਬਰਟ ਬੋਵਰਸ ਦੇ ਸੋਸ਼ਲ ਮੀਡੀਆ ਪ੍ਰੋਫ਼ਾਈਲ ਤੋਂ ਕਈ ਗੱਲਾਂ ਦਾ ਪਤਾ ਲੱਗਿਆ। ਉਹ ਮੰਨਦਾ ਸੀ ਕਿ ਉਨ੍ਹਾਂ ਵਰਗੀ ਵਿਚਾਰਧਾਰਾ ਰੱਖਣ ਵਾਲੇ ਲੋਕਾਂ ਦੀ ਨਸਲਕੁਸ਼ੀ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

ਪਰ ਮਹਿਜ਼ ਅਮਰੀਕਾ ਹੀ ਨਹੀਂ, ਅਰਮਾਨੀਆ, ਆਸਟ੍ਰੇਲੀਆ, ਰੂਸ, ਫਿਲੀਪਾਈਨਜ਼ ਵਿੱਚ ਵੀ ਜਾਰਜ ਸੋਰੋਸ ਖ਼ਿਲਾਫ਼ ਮੁਹਿੰਮਾਂ ਚਲਾਈਆਂ ਜਾਂਦੀਆਂ ਰਹੀਆਂ ਹਨ।ਤੁਰਕੀ ਦੇ ਰਾਸ਼ਟਰਪਤੀ ਤੈਯਪ ਅਰਦੋਆਨ ਨੇ ਇੱਥੋਂ ਤੱਕ ਕਿਹਾ ਕਿ ਸੋਰੋਸ ਇੱਕ ਯਹੂਦੀ ਸਾਜ਼ਿਸ਼ ਦੇ ਕੇਂਦਰ ਵਿੱਚ ਹੈ ਜੋ ਤੁਰਕੀ ਨੂੰ ਵੰਡਣਾ ਅਤੇ ਇਸਨੂੰ ਤਬਾਹ ਕਰਨਾ ਚਾਹੁੰਦਾ ਹੈ।ਬਰਤਾਨੀਆਂ ਦੀ ਬ੍ਰੈਗਜ਼ਿਟ ਪਾਰਟੀ ਦੇ ਨਾਈਜੇਲ ਫ਼ਰਾਜ ਦਾ ਦਾਅਵਾ ਹੈ ਕਿ ਸੋਰੋਸ ਸ਼ਰਨਾਰਥੀਆਂ ਨੂੰ ਪੂਰੇ ਯੂਰਪ ਵਿੱਚ ਵੱਖ ਵੱਖ ਥਾਵਾਂ 'ਤੇ ਫ਼ੈਲਣ ਤੇ ਜਾ ਸਕਣ ਲਈ ਉਤਸ਼ਾਹਿਤ ਕਰਦੇ ਹਨ।ਉਨ੍ਹਾਂ ਮੁਤਾਬਕ, ਸੋਰੋਸ ਸਮੁੱਚੇ ਪੱਛਮੀ ਜਗਤ ਲਈ ਸਭ ਤੋਂ ਵੱਡਾ ਖ਼ਤਰਾ ਹੈ।ਸੋਰੋਸ ਦੇ ਜਨਮ ਸਥਾਨ ਹੰਗਰੀ ਦੀ ਸਰਕਾਰ ਵੀ ਉਨ੍ਹਾਂ ਨੂੰ ਆਪਣਾ ਦੁਸ਼ਮਣ ਮੰਨਦੀ ਹੈ।2018 ਦੀ ਚੋਣ ਮੁਹਿੰਮ ਦੌਰਾਨ, ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਓਰਬਨ ਨੇ ਸੋਰੋਸ ਨੂੰ ਆਪਣਾ ਨਿਸ਼ਾਨਾ ਬਣਾਇਆ ਸੀ।ਓਰਬਨ ਨੇ ਚੋਣ ਜਿੱਤੀ ਅਤੇ ਸੋਰੋਸ ਦਾ ਸਮਰਥਨ ਹਾਸਿਲ ਸੰਗਠਨਾਂ ਉੱਤੇ ਸਰਕਾਰੀ ਹਮਲੇ ਇੰਨੇ ਵਧ ਗਏ ਸਨ ਕਿ ਸੋਰੋਸ ਦੀ ਸੰਸਥਾ ਨੇ ਹੰਗਰੀ ਵਿੱਚ ਕੰਮ ਕਰਨਾ ਬੰਦ ਕਰ ਦਿੱਤਾ ਸੀ।








# Is Punjabi more ancient than Sanskrit?

Which is more ancient? Sanskrit or Punjabi?

This title may surprise many as the common perception is that Sanskrit is one the most ancient language of the world while Punjabi is a native language that was invented by the Sikh Gurus in 15th century while composing the hymns of Sri Guru Granth Sahib.

What if I can prove that is is a misconception and in fact, Punjabi language predates Sanskrit?Before I put forward my hypothesis, I would like to clarify that I am not a linguist expert but merely a student of languages originating form the land of my forefathers - commonly known as Punjab. I have also studied Sanskrit as a major subject during my schooling in India where it was a compulsory subject from Grade VI to Grade X.

**Sanskrit**

Sanskrit (Saṃskṛtam or saṃskṛta) is the primary sacred language of ancient India. In order to understand what Sanskrit is, we first need to understand the meaning of the word Sanskrit. The term means Saṃskṛtā Vāk, "refined speech". The Sanskrit verbal adjective sáṃskṛta- may be translated as "Cultured, constructed, well composed or completely formed; refined, adorned, highly elaborated". It is derived from the root word saṃ-skar- "Cultured".


Sanskrit is in fact the first language in the world that was refined with a Grammar. This refined and adorned script became the sacred script for Hinduism treasured and protected by the priestly group of Brahmans. The earliest attested Sanskrit texts are religious texts of the Rigveda, from the mid-to-late second millennium BCE. No written records from such an early period survive, if they ever existed. However, scholars are confident that the oral transmission of the texts was maintained for centuries before that by the priestly class.

From the Rigveda until the time of Pāṇini (4th century BCE) the development of the early Vedic language can be observed in other Vedic texts: the Samaveda, Yajurveda, Atharvaveda, Brahmanas, and Upanishads. During this time, the prestige of the language, its use for sacred purposes, and the importance attached to its correct enunciation all served as powerful conservative forces resisting the normal processes of linguistic change.

Sanskrit is a member of the Indo-Iranian subfamily of the Indo-European family of languages. Its closest ancient relatives are the Iranian languages Avestan and Old Persian script. This gives significant credence to the Aryan migration theory from Europe to India via Persia.The oldest surviving Sanskrit grammar is Pāṇini's Aṣṭādhyāyī ("Eight-Chapter Grammar"). It is essentially a prescriptive grammar, i.e., an authority that defines Sanskrit, although it contains descriptive parts, mostly to account for some Vedic forms that had become rare in Pāṇini's time. Panini was a famed Sanskrit scholar from the Punjab region. Classical Sanskrit became fixed with the grammar of Pāṇini (roughly 500 BCE), and remains in use as a learned language through the present day.

Before Sanskrit

So if Sanskrit is a refined script that was constructed with a highly advanced grammar, then what existed before Sanskrit? Which language was used as baseline to construct and refine Sanskrit? Which ancient language existed in the land of Aryan India (Punjab) that was put together as Sanskrit, the sacred language of Hindus, the ancient Indians?The language that existed as oral among the Indo-aryans was called Prakrit. The term "Prakrit" means "derived from an original," which means evolved in a natural



**Ancient Pali Script**

way - Prakriti, the nature. Prakrit is foremost a native term, designating "vernaculars" as opposed to Sanskrit. The word Prakrit can also be defined sometimes as "original, natural, artless, normal, ordinary, usual", or "vernacular", in contrast to the grammatical and religious orthodoxy of Sanskrit.

**Ancient Pali Script**

Prakrit - the Script of Kshatriyas - the Warriors

The Sanskrit name for Prakrit, prākṛta, is derived from the Sanskrit prakṛti 'original source'.

["Saṃskṛtam is the language that originates from, prakṛti, is therefore called prākṛtam."

Archeologically origin of the Prakrit languages can be traced back to the Bogazkoy Treaty and Horse Training Manual of Kikkuly belonging to 1400 BC. In which we find the Prakrit forms of the numeric and proper names such as Indar (For Indra), Varena (for Varuna) and Eka (for Ekam), Panza (For Panch) Satta (for Sapt) etc. This will prove that the Prakrit has more antiquity than the Vedic Sanskrit and closely related to Punjabi than Hindi or Sankrit.

Kadesh Peace Treaty, the earliest peace treaty whose text is known to have survived. It was signed in 1269 B.C. between the King of the Hittites, Hattusilis III, and the pharaoh of Egypt, Rameses II. The clay tablet, which records the text in cuneiform script, was found in 1906 in central Anatolia on the site of the old Hittite capital, Hattusat (now Bogazkoy).The Prakrit also became literary languages, generally patronized by ancient Indian kings identified with the Kshatriya class of Indian civilization, but were regarded as "illegitimate" by the orthodox Brahmins. The priestly class cling on to the Sanskrit as sacred language, refusing to share it with the other classes. This conservative action of the Brahmins encouraged the originator of Shramanic religions - Jainism, Buddhism, and Sikhism to go to the ancient Prakrit and modify it for their religious and literary work.

Old Prakrit is called Pali, middle Prakrit comprises the three dialects Sauraseni, Magadhi and Maharashtri and later Prakrit is 'Apabhramsa,' of which a division is Sharda.


Its interesting to note that the three other religions originating in India - Jainism, Buddhism, and Sikhism; were all originated by Kshtriyas and not Brahmins. Mahavira, Buddha, and Nanak all belonged to the Kshatriya class. This scholarly tension between the two classes gave patronage to Pali, Apbhramsa, and other dialects, resulting in decline and erosion of Sanskrit. The sacred scriptures of Jainism as well as the literary work during that period was canonized in Pali script. It has both canonical and non-canonical works of which the former is Jaina which consist of narrative, lyrical and dialectic poetry, short stories, dramas, lexicons, geography, cosmogony, astronomy, philosophy, ethics and inscriptions. Satasai is a celebrated Prakrit anthology of 700 stanzas, culled from different works. It draws scenes from rural life, the seasons and realistic sketches. The chief sentiment is erotic, together with descriptions of ceremonies and linked conventions. The existence of this anthology presupposes the existence of a mass of secular literature. The compendium has been imitated in Sanskrit and Hindi, but stands unrivaled in its original form.Just like Jain Tirthankars, Buddha also denounced Sanskrit and all ancient Buddhist scriptures were composed in Pali and not in Sanskrit.

**Origin of Punjabi**

The modern languages of North India developed from the Prakrit after the intermediary stage of the Apabhraṃśas. Punjabi is the closest derivative of the ancient Prakrit and pre-dates Sanskrit that was refined much later by Sanskrit scholars like Panini. In fact, Punjabi is the modern version od ancient Prakrit. The other North Indian languages also originate from Prakrit and not Sanskrit as commonly perceived. It must be stated that Hindi is a relatively younger language that originated from Urdu much later and later formalized in Davnagari script of Sanskrit. Even in Sanskrit Dramas, the characters each spoke a different Prakrit based on their role and background. A good example of use of multi-language format is witnessed in the Sanskrit drama - "Abhijñānaśākuntalam". Here Kalidasa masterly captures the conversation between palace guards in Prakrit. The language of these guards is very similar to ancient Punjabi.

Here are some of the Prakrit words that show similarity with Punjabi:

- father: piu
- mother: māi
- brother: bhāā, bhāi, bhāia , bhāu, bhāua
- sister: sasā, susā



- son: putta
- daughter: duhiā, dhī
- head: sira
- eye: akki, acchi
- foot: pāda, pāya

Punjabi connection with Spanish

Astonishing similarities between Punjabi and Spanish could shock those who try to link Sanskrit or Tamil with Europpean languages:

- What (English) - Qué (Spanish) - Ki (Punjabi) - Kya (Hindi) - Enna (Tamil)
- Who (English) - Quien (Spanish) - Kaun (Punjabi) - Kaun (Hindi) - Yar (Tamil)
- Whom (English) - Quién (Spanish) - Kinnu (Punjabi) - Kisko (Hindi) - Yarai (Tamil)
- When (English) - Cuando (Spanish) - Kadaun (Punjabi) - Kabh (Hindi) - Eppolutu (Tamil)
- Why (English) - Por qué (Spanish) - Kyun (Punjabi) - Kyon (Hindi) - En (Tamil)
- How (English) - Cómo (Spanish) - Kiddan (Punjabi) - Kaisa (Hindi) - Epatti (Tamil)
- Howmany (English) - Cuántos (Spanish) - Kinne (Punjabi) - Kitne (Hindi) - Ettanai (Tamil)
- Which (English) - Cuyo (Spanish) - Ki (Punjabi) - Kis (Hindi) - Enta (Tamil)
- How Much (English) - Cuánto Cuesta (Spanish) - Kinne (Punjabi) - Kitna (Hindi) - Evvalavu (Tamil)

The above list categorically demonstrates the commonality between Punjabi and Latin family of languages. Hindi which was a late invention is closer to Urdu than it is to Latin languages. Tamil has no connection whatsoever with the Latin languages.

**Gurmukhi Script**

The script of the Sikh scripture, Gurmukhi is derived from natural progression of Prakrit to Pali, Sauraseni, Apbrahmsa, Sharda, and the Laṇḍā scripts. It was standardized during the 16th century by Guru Angad Dev ji, the second guru of Sikhism. The Old Punjabi word Gurmukhī means "from the mouth of the Guru". The whole of the Guru Granth Sahib is written in this script, and it is the script most commonly used by Sikhs and Hindus for writing the Punjabi language. The mercantile community of Punjab used a script known as the Laṇḍā for accounting purposes. Landa means alphabet "without tail", implying that the script did not have vowel symbols. In Punjab, there were at least ten different scripts classified as Laṇḍā, Mahajani being the most popular. Modifying the Laṇḍā alphabets, the Sikh Gurus developed Proto-Gurmukhi that included words without vowel signs. The modern Gurmukhi was developed because of the difficulties involved in pronouncing words without vowel signs.Interesting how these languages developed when various new religions originating in India were prohibited from using Sanskrit. The literary and spiritual world is richer today with this diversity.

**Follow this blog for more info:**
**http://malicethoughts.blogspot.com/search/label/Sanskrit**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events











Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: **604-203-7272**

7236 -120St, Surrey, BC Email:info@dreambanquethall.ca

# PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

#A/B/C 7967-128St, Surrey, BC V3W 4E7

Email:sales@peacefurnituire.ca Web:www.peacefurniture.ca